ੴ ਸਤਿਗੁਰ ਪ੍ਰਸਾਦਿ॥

ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦਾ
ਪ੍ਰਮਾਣਿਤ

# ਨਿਤਨੇਮ

(ਟਕਸਾਲੀ ਗੁਟਕਾ)

ਪ੍ਰਕਾਸ਼ਕ
ਖਾਲਸਾ ਪ੍ਰਬੰਧਕ ਜੱਥਾ
ਗੁਰਦੁਆਰਾ ਸ੍ਰੀ ਅਖੰਡ ਪ੍ਰਕਾਸ਼
ਭਿੰਡਰਾਂ (ਮੋਗਾ)

---

ਭੇਟਾ :-

ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਗੁਰਬਾਣੀ ਦਾ ਸਤਿਕਾਰ ਕਰਨਾ, ਸ਼ੁਧ ਪੜ੍ਹਨਾ, ਵਿਚਾਰਨਾ ਤੇ ਮੰਨਣ ਕਰਨਾ ਲਿਖਿਆ ਹੈ ਇਹੀ ਇਸਦੀ ਭੇਟਾ ਹੈ।

ੴ ਸਤਿਗੁਰ ਪ੍ਰਸਾਦਿ॥

ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦਾ
ਪ੍ਰਮਾਣਿਤ

# ਨਿਤਨੇਮ

(ਟਕਸਾਲੀ ਗੁਟਕਾ)

ਪ੍ਰਕਾਸ਼ਕ
ਖਾਲਸਾ ਪ੍ਰਬੰਧਕ ਜੱਥਾ
ਗੁਰਦੁਆਰਾ ਸ੍ਰੀ ਅਖੰਡ ਪ੍ਰਕਾਸ਼
ਭਿੰਡਰਾਂ (ਮੋਗਾ)

ੴ ਸ੍ਰੀ ਵਾਹਿਗੁਰੂ ਜੀ ਕੀ ਫਤਿਹ॥

# ਬੇਨਤੀ

ਪਹਿਲਾਂ ਇਹ ਗੁਟਕਾ ਮੇਰੇ ਵਲੋਂ ਛਪਦਾ ਰਿਹਾ ਫੇਰ ਗੁਰਦੁਆਰੇ ਦੇ ਪ੍ਰਬੰਧ ਵਾਸਤੇ ਟਰੱਸਟ ਬਣਾ ਦਿੱਤਾ ਗਿਆ ਪਰ ਉਹ ਪ੍ਰਬੰਧ ਕਰਨ ਵਿਚ ਕਾਮਯਾਬ ਨਾ ਹੋ ਸਕਿਆ। ਉਪਰੰਤ ਗੁਰਦੁਆਰੇ ਸਾਹਿਬ ਦੇ ਹਮੇਸ਼ਾਂ ਪ੍ਰਬੰਧ ਲਈ ਖਾਲਸਾ ਪ੍ਰਬੰਧਕ ਜੱਥਾ ਬਣਾ ਦਿੱਤਾ ਜੋ ਭਾਰਤੀ ਵਿਧਾਨ ਅਨੁਸਾਰ ਸਰਕਾਰੀ ਤੌਰ ਤੇ ਰਜਿਸਟਰਡ ਹੋ ਚੁੱਕਾ ਹੈ।

ਦਾਸ,

ਮੋਹਣ ਸਿੰਘ।

# ਤਤਕਰਾ


ਨੰਬਰ ਪੰਨਾ

**ਅੰਮ੍ਰਿਤ ਵੇਲੇ ਦੀਆਂ ਬਾਣੀਆਂ**

੧. ਜਪੁ ਜੀ ਸਾਹਿਬ ੧

੨. ਜਾਪੁ ਸਾਹਿਬ ੩੫

੩. ਤ੍ਵ ਪ੍ਰਸਾਦਿ ਸ੍ਵਯੇ (ਸ੍ਰਾਵਗ ਸੁਧ) ੭੪

੪. ਚੌਪਈ ਸਾਹਿਬ ੮੦

੫. ਅਨੰਦੁ ਸਾਹਿਬ ੯੦

**ਸ਼ਾਮ ਦੀਆਂ ਬਾਣੀਆਂ**

੬. ਰਹਰਾਸਿ ਸਾਹਿਬ ੧੧੯

੭. ਅਰਦਾਸਿ ੧੬੧

੮. ਕੀਰਤਨ ਸੋਹਿਲਾ ੧੬੭

**ਅੰਤਕਾ**

੯. ਕਠਿਨ ਪਾਠਾਂ ਦੇ ਉਚਾਰਨ ਦਾ ਢੰਗ, ਸੰਖੇਪ ਅਰਥ ਅਤੇ ਵਿਸ਼ਰਾਮਾਂ ਬਾਰੇ ਨਿਰਣਯ। ੧੭੬

੧੦. ਰਹਰਾਸਿ ਸਾਹਿਬ ਬਾਰੇ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਜੀ ਦੇ ਵਿਸ਼ੇਸ਼ ਵੀਚਾਰ ੨੫੭

# ੧ੴ ਸ੍ਰੀ ਵਾਹਿਗੁਰੂ ਜੀ ਕੀ ਫਤਿਹ॥

## ਵਿਸ਼ੇਸ਼ ਵਿਚਾਰ

ਸਰਬਤ੍ਰ ਮਾਈ ਭਾਈ, ਗੁਰੂ ਖਾਲਸਾ ਸਮੂਹ ਸੰਗਤਾਂ ਦੇ ਚਰਨਾਂ ਵਿਚ ਜ਼ਰੂਰੀ ਬੇਨਤੀ ਹੈ ਕਿ ਨਿਤਨੇਮ ਕਰਨ ਤੋਂ ਪਹਿਲਾਂ ਇਸ ਗੁਟਕੇ ਦੇ ਅਖੀਰ ਤੇ ਸੰਗਤਾਂ ਦੀ ਵਿਸ਼ੇਸ਼ ਸਹੂਲਤ ਵਾਸਤੇ ਨਿਤਨੇਮ ਦੀਆਂ ਬਾਣੀਆਂ ਦੇ ਕਠਿਨ ਪਾਠ, ਉਨ੍ਹਾਂ ਦਾ ਉਚਾਰਨ, ਸੰਖੇਪ ਅਰਥ ਅਤੇ ਵਿਸ਼ਰਾਮਾਂ ਦਾ ਪੜ੍ਹਨਾ ਤੇ ਮੰਨਣ ਕਰਨਾ ਅਤਿ ਜ਼ਰੂਰੀ ਹੈ ਤਾਂ ਹੀ ਗੁਰਬਾਣੀ ਦਾ ਸ਼ੁੱਧ ਪਾਠ ਤੇ ਉਚਾਰਨ ਸਿਖ ਕੇ ਬਹੁਤਾ ਅਨੰਦ ਮਾਣ ਸਕਦੇ ਹਾਂ। ਸੰਗਤਾਂ ਵਿਚ ਦੁਬਿਧਾ ਪਾਉਣ ਵਾਲਿਆਂ ਨੇ ਜੋ ਵਧ ਘਟ ਬਾਣੀਆਂ ਨਿਤਨੇਮ ਦੇ ਗੁਟਕਿਆਂ ਵਿਚ ਛਪਵਾ ਦਿੱਤੀਆਂ ਹਨ। ਜਿਵੇਂ ਅੰਮ੍ਰਿਤ ਸੰਚਾਰ ਦੇ ਵਿਚ ਪੜ੍ਹਨ ਲਈ ਨਿਤਨੇਮ ਦੀ ਸ੍ਰੀ ਚੌਪਈ ਸਾਹਿਬ ਵਿਚ ਅਤੇ ਸੰਪੂਰਨ ਰਹਰਾਸਿ ਵਿਚ ਵਾਧਾ-ਘਾਟਾ ਕੀਤਾ ਹੈ। ਉਸ ਬਾਰੇ ਵਿਸ਼ੇਸ਼ ਉੱਤਰ ਰੂਪ ਟੂਕਾਂ ਪੜ੍ਹਨੀਆਂ ਅਤਿ ਜ਼ਰੂਰੀ ਹਨ।

ਦਾਸ,

ਮੋਹਣ ਸਿੰਘ।

# ਖਾਸ ਧਿਆਨ ਯੋਗ

ਨਿਤਨੇਮ ਦੀ ਬਾਣੀ ਸ੍ਰੀ ਜਾਪੁ ਸਾਹਿਬ ਵਿਖੇ 'ਭੁਜੰਗ ਪ੍ਰਯਾਤ ਛੰਦ' ਦੇ ਲਿਖਤੀ ਵਿਸ਼ਰਾਮ ੫੦ਵੀਂ, ੫੧ਵੀਂ ਤੇ ੫੩ਵੀਂ ਪਉੜੀ ਵਿਚ ਇਸੇ ਰੂਪ ਵਿਚ ਮਿਲਦੇ ਹਨ। ਜਿਵੇਂ ਅਸੀਂ ਇਸ ਗੁਟਕੇ ਵਿਚ ਛਾਪੇ ਹਨ। ਪਰ ਪੜ੍ਹਨ ਵਾਸਤੇ ਸੰਪ੍ਰਦਾਇ ਦੇ ਸੰਕੇਤੀ ਨਿਯਮਾਂ ਅਨੁਸਾਰ ਅਖੀਰ ਤੇ 'ਭੁਜੰਗ ਪ੍ਰਯਾਤ ਛੰਦ' ਦੀ ੫੦ਵੀਂ ਪਉੜੀ ਦੀ 'ਲਿਖੀ' ਟੂਕ ਅਨੁਸਾਰ ਪੜ੍ਹਨੇ ਹਨ।

ਇਹ ਸਾਰੀ ਸੁਧਾਈ ਮਹਾਂ-ਪੁਰਸ਼ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਦੇ ਪਾਸੋਂ ਵਿਦਿਆ ਪ੍ਰਾਪਤ ਕਰਨ ਸਮੇਂ ਕੀਤੀ ਸੀ ਜੋ ਲਿਖਤੀ ਰੂਪ ਵਿਚ ਸਾਡੇ ਪਾਸ ਅਜ ਤਕ ਮੌਜੂਦ ਹੈ।

ਆਸ ਹੈ ਕਿ ਸੰਗਤਾਂ ਇਸ ਤੋਂ ਲਾਭ ਪ੍ਰਾਪਤ ਕਰਨਗੀਆਂ।

ਦਾਸਨਿ-ਦਾਸ,

ਮੋਹਣ ਸਿੰਘ।

ਗੁਰਦੁਆਰਾ ਅਖੰਡ ਪ੍ਰਕਾਸ਼, ਭਿੰਡਰਾਂ (ਮੋਗਾ)।

# ਜਪੁ ਜੀ ਸਾਹਿਬ

ੴ ਸਤਿ ਨਾਮੁ ਕਰਤਾ ਪੁਰਖੁ
ਨਿਰਭਉ ਨਿਰਵੈਰੁ ਅਕਾਲ ਮੂਰਤਿ
ਅਜੂਨੀ ਸੈਭੰ ਗੁਰ ਪ੍ਰਸਾਦਿ॥

॥ਜਪੁ॥

ਆਦਿ ਸਚੁ ਜੁਗਾਦਿ ਸਚੁ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥੧॥

ਸੋਚੈ ਸੋਚਿ ਨ ਹੋਵਈ
ਜੇ ਸੋਚੀ ਲਖ ਵਾਰ॥
ਚੁਪੈ ਚੁਪਿ ਨ ਹੋਵਈ
ਜੇ ਲਾਇ ਰਹਾ ਲਿਵ ਤਾਰ॥
ਭੁਖਿਆ ਭੁਖ ਨ ਉਤਰੀ

ਜੇ ਬੰਨਾ ਪੁਰੀਆ ਭਾਰ॥
ਸਹਸ ਸਿਆਣਪਾ ਲਖ ਹੋਹਿ
ਤ ਇਕ ਨ ਚਲੈ ਨਾਲਿ॥
ਕਿਵ ਸਚਿਆਰਾ ਹੋਈਐ
ਕਿਵ ਕੂੜੈ ਤੁਟੈ ਪਾਲਿ॥
ਹੁਕਮਿ ਰਜਾਈ ਚਲਣਾ
ਨਾਨਕ ਲਿਖਿਆ ਨਾਲਿ॥੧॥
ਹੁਕਮੀ ਹੋਵਨਿ ਆਕਾਰ
ਹੁਕਮੁ ਨ ਕਹਿਆ ਜਾਈ॥
ਹੁਕਮੀ ਹੋਵਨਿ ਜੀਅ
ਹੁਕਮਿ ਮਿਲੈ ਵਡਿਆਈ॥
ਹੁਕਮੀ ਉਤਮੁ ਨੀਚੁ
ਹੁਕਮਿ ਲਿਖਿ ਦੁਖ ਸੁਖ ਪਾਈਅਹਿ॥
ਇਕਨਾ ਹੁਕਮੀ ਬਖਸੀਸ
ਇਕਿ ਹੁਕਮੀ ਸਦਾ ਭਵਾਈਅਹਿ॥

ਹੁਕਮੈ ਅੰਦਰਿ ਸਭੁ ਕੋ
ਬਾਹਰਿ ਹੁਕਮ ਨ ਕੋਇ॥
ਨਾਨਕ ਹੁਕਮੈ ਜੇ ਬੁਝੈ
ਤ ਹਉਮੈ ਕਹੈ ਨ ਕੋਇ॥੨॥
ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ॥
ਗਾਵੈ ਕੋ ਦਾਤਿ ਜਾਣੈ ਨੀਸਾਣੁ॥
ਗਾਵੈ ਕੋ ਗੁਣ ਵਡਿਆਈਆ ਚਾਰ॥
ਗਾਵੈ ਕੋ ਵਿਦਿਆ ਵਿਖਮੁ ਵੀਚਾਰੁ॥
ਗਾਵੈ ਕੋ ਸਾਜਿ ਕਰੇ ਤਨੁ ਖੇਹ॥
ਗਾਵੈ ਕੋ ਜੀਅ ਲੈ ਫਿਰਿ ਦੇਹ॥
ਗਾਵੈ ਕੋ ਜਾਪੈ ਦਿਸੈ ਦੂਰਿ॥
ਗਾਵੈ ਕੋ ਵੇਖੈ ਹਾਦਰਾ ਹਦੂਰਿ॥
ਕਥਨਾ ਕਥੀ ਨ ਆਵੈ ਤੋਟਿ॥
ਕਥਿ ਕਥਿ ਕਥੀ ਕੋਟੀ ਕੋਟਿ ਕੋਟਿ॥
ਦੇਦਾ ਦੇ ਲੈਦੇ ਥਕਿ ਪਾਹਿ॥

ਜੁਗਾ ਜੁਗੰਤਰਿ ਖਾਹੀ ਖਾਹਿ॥
ਹੁਕਮੀ ਹੁਕਮੁ ਚਲਾਏ ਰਾਹੁ॥
ਨਾਨਕ ਵਿਗਸੈ ਵੇਪਰਵਾਹੁ॥੩॥
ਸਾਚਾ ਸਾਹਿਬੁ ਸਾਚੁ ਨਾਇ
ਭਾਖਿਆ ਭਾਉ ਅਪਾਰੁ॥
ਆਖਹਿ ਮੰਗਹਿ ਦੇਹਿ ਦੇਹਿ
ਦਾਤਿ ਕਰੇ ਦਾਤਾਰੁ॥
ਫੇਰਿ ਕਿ ਅਗੈ ਰਖੀਐ
ਜਿਤੁ ਦਿਸੈ ਦਰਬਾਰੁ॥
ਮੁਹੌ ਕਿ ਬੋਲਣੁ ਬੋਲੀਐ
ਜਿਤੁ ਸੁਣਿ ਧਰੇ ਪਿਆਰੁ॥
ਅੰਮ੍ਰਿਤ ਵੇਲਾ ਸਚੁ ਨਾਉ
ਵਡਿਆਈ ਵੀਚਾਰੁ॥
ਕਰਮੀ ਆਵੈ ਕਪੜਾ
ਨਦਰੀ ਮੋਖੁ ਦੁਆਰੁ॥

ਨਾਨਕ ਏਵੈ ਜਾਣੀਐ
ਸਭੁ ਆਪੇ ਸਚਿਆਰੁ॥੪॥
ਥਾਪਿਆ ਨ ਜਾਇ ਕੀਤਾ ਨ ਹੋਇ॥
ਆਪੇ ਆਪਿ ਨਿਰੰਜਨੁ ਸੋਇ॥
ਜਿਨਿ ਸੇਵਿਆ ਤਿਨਿ ਪਾਇਆ ਮਾਨੁ॥
ਨਾਨਕ ਗਾਵੀਐ ਗੁਣੀ ਨਿਧਾਨੁ॥
ਗਾਵੀਐ ਸੁਣੀਐ ਮਨਿ ਰਖੀਐ ਭਾਉ॥
ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥
ਗੁਰਮੁਖਿ ਨਾਦੰ ਗੁਰਮੁਖਿ ਵੇਦੰ
ਗੁਰਮੁਖਿ ਰਹਿਆ ਸਮਾਈ॥
ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ
ਪਾਰਬਤੀ ਮਾਈ॥
ਜੇ ਹਉ ਜਾਣਾ ਆਖਾ ਨਾਹੀ
ਕਹਣਾ ਕਥਨੁ ਨ ਜਾਈ॥
ਗੁਰਾ ਇਕ ਦੇਹਿ ਬੁਝਾਈ॥

ਸਭਨਾ ਜੀਆ ਕਾ ਇਕੁ ਦਾਤਾ
ਸੋ ਮੈ ਵਿਸਰਿ ਨ ਜਾਈ॥੫॥
ਤੀਰਥਿ ਨਾਵਾ ਜੇ ਤਿਸੁ ਭਾਵਾ
ਵਿਣੁ ਭਾਣੇ ਕਿ ਨਾਇ ਕਰੀ॥
ਜੇਤੀ ਸਿਰਠਿ ਉਪਾਈ ਵੇਖਾ
ਵਿਣੁ ਕਰਮਾ ਕਿ ਮਿਲੈ ਲਈ॥
ਮਤਿ ਵਿਚਿ ਰਤਨ ਜਵਾਹਰ ਮਾਣਿਕ
ਜੇ ਇਕ ਗੁਰ ਕੀ ਸਿਖ ਸੁਣੀ॥
ਗੁਰਾ ਇਕ ਦੇਹਿ ਬੁਝਾਈ॥
ਸਭਨਾ ਜੀਆ ਕਾ ਇਕੁ ਦਾਤਾ
ਸੋ ਮੈ ਵਿਸਰਿ ਨ ਜਾਈ॥੬॥
ਜੇ ਜੁਗ ਚਾਰੇ ਆਰਜਾ
ਹੋਰ ਦਸੂਣੀ ਹੋਇ॥
ਨਵਾ ਖੰਡਾ ਵਿਚਿ ਜਾਣੀਐ
ਨਾਲਿ ਚਲੈ ਸਭੁ ਕੋਇ॥

ਚੰਗਾ ਨਾਉ ਰਖਾਇ ਕੈ
ਜਸੁ ਕੀਰਤਿ ਜਗਿ ਲੇਇ॥
ਜੇ ਤਿਸੁ ਨਦਰਿ ਨ ਆਵਈ
ਤ ਵਾਤ ਨ ਪੁਛੈ ਕੇ॥
ਕੀਟਾ ਅੰਦਰਿ ਕੀਟੁ ਕਰਿ
ਦੋਸੀ ਦੋਸੁ ਧਰੇ॥
ਨਾਨਕ ਨਿਰਗੁਣਿ ਗੁਣੁ ਕਰੇ
ਗੁਣਵੰਤਿਆ ਗੁਣੁ ਦੇ॥
ਤੇਹਾ ਕੋਇ ਨ ਸੁਝਈ
ਜਿ ਤਿਸੁ ਗੁਣੁ ਕੋਇ ਕਰੇ॥੭॥
ਸੁਣਿਐ ਸਿਧ ਪੀਰ ਸੁਰਿ ਨਾਥ॥
ਸੁਣਿਐ ਧਰਤਿ ਧਵਲ ਆਕਾਸ॥
ਸੁਣਿਐ ਦੀਪ ਲੋਅ ਪਾਤਾਲ॥
ਸੁਣਿਐ ਪੋਹਿ ਨ ਸਕੈ ਕਾਲੁ॥
ਨਾਨਕ ਭਗਤਾ ਸਦਾ ਵਿਗਾਸੁ॥

ਸੁਣਿਐ ਦੂਖ ਪਾਪ ਕਾ ਨਾਸੁ॥੮॥
ਸੁਣਿਐ ਈਸਰੁ ਬਰਮਾ ਇੰਦੁ॥
ਸੁਣਿਐ ਮੁਖਿ ਸਾਲਾਹਣ ਮੰਦੁ॥
ਸੁਣਿਐ ਜੋਗ ਜੁਗਤਿ ਤਨਿ ਭੇਦ॥
ਸੁਣਿਐ ਸਾਸਤ ਸਿਮ੍ਰਿਤਿ ਵੇਦ॥
ਨਾਨਕ ਭਗਤਾ ਸਦਾ ਵਿਗਾਸੁ॥
ਸੁਣਿਐ ਦੂਖ ਪਾਪ ਕਾ ਨਾਸੁ॥੯॥
ਸੁਣਿਐ ਸਤੁ ਸੰਤੋਖੁ ਗਿਆਨੁ॥
ਸੁਣਿਐ ਅਠਸਠਿ ਕਾ ਇਸਨਾਨੁ॥
ਸੁਣਿਐ ਪੜਿ ਪੜਿ ਪਾਵਹਿ ਮਾਨੁ॥
ਸੁਣਿਐ ਲਾਗੈ ਸਹਜਿ ਧਿਆਨੁ॥
ਨਾਨਕ ਭਗਤਾ ਸਦਾ ਵਿਗਾਸੁ॥
ਸੁਣਿਐ ਦੂਖ ਪਾਪ ਕਾ ਨਾਸੁ॥੧੦॥
ਸੁਣਿਐ ਸਰਾ ਗੁਣਾ ਕੇ ਗਾਹ॥
ਸੁਣਿਐ ਸੇਖ ਪੀਰ ਪਾਤਿਸਾਹ॥

ਸੁਣਿਐ ਅੰਧੇ ਪਾਵਹਿ ਰਾਹੁ॥
ਸੁਣਿਐ ਹਾਥ ਹੋਵੈ ਅਸਗਾਹੁ॥
ਨਾਨਕ ਭਗਤਾ ਸਦਾ ਵਿਗਾਸੁ॥
ਸੁਣਿਐ ਦੂਖ ਪਾਪ ਕਾ ਨਾਸੁ॥੧੧॥
ਮੰਨੇ ਕੀ ਗਤਿ ਕਹੀ ਨ ਜਾਇ॥
ਜੇ ਕੋ ਕਹੈ ਪਿਛੈ ਪਛੁਤਾਇ॥
ਕਾਗਦਿ ਕਲਮ ਨ ਲਿਖਣਹਾਰੁ॥
ਮੰਨੇ ਕਾ ਬਹਿ ਕਰਨਿ ਵੀਚਾਰੁ॥
ਐਸਾ ਨਾਮੁ ਨਿਰੰਜਨੁ ਹੋਇ॥
ਜੇ ਕੋ ਮੰਨਿ ਜਾਣੈ ਮਨਿ ਕੋਇ॥੧੨॥
ਮੰਨੈ ਸੁਰਤਿ ਹੋਵੈ ਮਨਿ ਬੁਧਿ॥
ਮੰਨੈ ਸਗਲ ਭਵਣ ਕੀ ਸੁਧਿ॥
ਮੰਨੈ ਮੁਹਿ ਚੋਟਾ ਨਾ ਖਾਇ॥
ਮੰਨੈ ਜਮ ਕੈ ਸਾਥਿ ਨ ਜਾਇ॥
ਐਸਾ ਨਾਮੁ ਨਿਰੰਜਨੁ ਹੋਇ॥

ਜੇ ਕੋ ਮੰਨਿ ਜਾਣੈ ਮਨਿ ਕੋਇ॥੧੩॥

ਮੰਨੈ ਮਾਰਗਿ ਠਾਕ ਨ ਪਾਇ॥

ਮੰਨੈ ਪਤਿ ਸਿਉ ਪਰਗਟੁ ਜਾਇ॥

ਮੰਨੈ ਮਗੁ ਨ ਚਲੈ ਪੰਥੁ॥

ਮੰਨੈ ਧਰਮ ਸੇਤੀ ਸਨਬੰਧੁ॥

ਐਸਾ ਨਾਮੁ ਨਿਰੰਜਨੁ ਹੋਇ॥

ਜੇ ਕੋ ਮੰਨਿ ਜਾਣੈ ਮਨਿ ਕੋਇ॥੧੪॥

ਮੰਨੈ ਪਾਵਹਿ ਮੋਖੁ ਦੁਆਰੁ॥

ਮੰਨੈ ਪਰਵਾਰੈ ਸਾਧਾਰੁ॥

ਮੰਨੈ ਤਰੈ ਤਾਰੇ ਗੁਰੁਸਿਖ॥

ਮੰਨੈ ਨਾਨਕ ਭਵਹਿ ਨ ਭਿਖ॥

ਐਸਾ ਨਾਮੁ ਨਿਰੰਜਨੁ ਹੋਇ॥

ਜੇ ਕੋ ਮੰਨਿ ਜਾਣੈ ਮਨਿ ਕੋਇ॥੧੫॥

ਪੰਚ ਪਰਵਾਣ ਪੰਚ ਪਰਧਾਨੁ॥

ਪੰਚੇ ਪਾਵਹਿ ਦਰਗਹਿ ਮਾਨੁ॥

ਪੰਚੇ ਸੋਹਹਿ ਦਰਿ ਰਾਜਾਨੁ॥
ਪੰਚਾ ਕਾ ਗੁਰੁ ਏਕੁ ਧਿਆਨੁ॥
ਜੇ ਕੋ ਕਹੈ ਕਰੈ ਵੀਚਾਰੁ॥
ਕਰਤੇ ਕੈ ਕਰਣੈ ਨਾਹੀ ਸੁਮਾਰੁ॥
ਧੌਲੁ ਧਰਮੁ ਦਇਆ ਕਾ ਪੂਤੁ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥
ਜੇ ਕੋ ਬੁਝੈ ਹੋਵੈ ਸਚਿਆਰੁ॥
ਧਵਲੈ ਉਪਰਿ ਕੇਤਾ ਭਾਰੁ॥
ਧਰਤੀ ਹੋਰੁ ਪਰੈ ਹੋਰੁ ਹੋਰੁ॥
ਤਿਸ ਤੇ ਭਾਰੁ ਤਲੈ ਕਵਣੁ ਜੋਰੁ॥
ਜੀਅ ਜਾਤਿ ਰੰਗਾ ਕੇ ਨਾਵ॥
ਸਭਨਾ ਲਿਖਿਆ ਵੁੜੀ ਕਲਾਮ॥
ਏਹੁ ਲੇਖਾ ਲਿਖਿ ਜਾਣੈ ਕੋਇ॥
ਲੇਖਾ ਲਿਖਿਆ ਕੇਤਾ ਹੋਇ॥
ਕੇਤਾ ਤਾਣੁ ਸੁਆਲਿਹੁ ਰੂਪੁ॥

ਕੇਤੀ ਦਾਤਿ ਜਾਣੈ ਕੌਣੁ ਕੂਤੁ॥

ਕੀਤਾ ਪਸਾਉ ਏਕੋ ਕਵਾਉ॥

ਤਿਸ ਤੇ ਹੋਏ ਲਖ ਦਰੀਆਉ॥

ਕੁਦਰਤਿ ਕਵਣ ਕਹਾ ਵੀਚਾਰੁ॥

ਵਾਰਿਆ ਨ ਜਾਵਾ ਏਕ ਵਾਰ॥

ਜੋ ਤੁਧੁ ਭਾਵੈ ਸਾਈ ਭਲੀ ਕਾਰ॥

ਤੂ ਸਦਾ ਸਲਾਮਤਿ ਨਿਰੰਕਾਰ॥੧੬॥

ਅਸੰਖ ਜਪ ਅਸੰਖ ਭਾਉ॥

ਅਸੰਖ ਪੂਜਾ ਅਸੰਖ ਤਪ ਤਾਉ॥

ਅਸੰਖ ਗਰੰਥ ਮੁਖਿ ਵੇਦ ਪਾਠ॥

ਅਸੰਖ ਜੋਗ ਮਨਿ ਰਹਹਿ ਉਦਾਸ॥

ਅਸੰਖ ਭਗਤ ਗੁਣ ਗਿਆਨ ਵੀਚਾਰ॥

ਅਸੰਖ ਸਤੀ ਅਸੰਖ ਦਾਤਾਰ॥

ਅਸੰਖ ਸੂਰ ਮੁਹ ਭਖ ਸਾਰ॥

ਅਸੰਖ ਮੋਨਿ ਲਿਵ ਲਾਇ ਤਾਰ॥

ਕੁਦਰਤਿ ਕਵਣ ਕਹਾ ਵੀਚਾਰੁ॥
ਵਾਰਿਆ ਨ ਜਾਵਾ ਏਕ ਵਾਰ॥
ਜੋ ਤੁਧੁ ਭਾਵੈ ਸਾਈ ਭਲੀ ਕਾਰ॥
ਤੂ ਸਦਾ ਸਲਾਮਤਿ ਨਿਰੰਕਾਰ॥੧੭॥
ਅਸੰਖ ਮੂਰਖ ਅੰਧ ਘੋਰ॥
ਅਸੰਖ ਚੋਰ ਹਰਾਮ ਖੋਰ॥
ਅਸੰਖ ਅਮਰ ਕਰਿ ਜਾਹਿ ਜੋਰ॥
ਅਸੰਖ ਗਲ ਵਢ ਹਤਿਆ ਕਮਾਹਿ॥
ਅਸੰਖ ਪਾਪੀ ਪਾਪੁ ਕਰਿ ਜਾਹਿ॥
ਅਸੰਖ ਕੂੜਿਆਰ ਕੂੜੇ ਫਿਰਾਹਿ॥
ਅਸੰਖ ਮਲੇਛ ਮਲੁ ਭਖਿ ਖਾਹਿ॥
ਅਸੰਖ ਨਿੰਦਕ ਸਿਰਿ ਕਰਹਿ ਭਾਰੁ॥
ਨਾਨਕੁ ਨੀਚੁ ਕਹੈ ਵੀਚਾਰੁ॥
ਵਾਰਿਆ ਨ ਜਾਵਾ ਏਕ ਵਾਰ॥
ਜੋ ਤੁਧੁ ਭਾਵੈ ਸਾਈ ਭਲੀ ਕਾਰ॥

ਤੂ ਸਦਾ ਸਲਾਮਤਿ ਨਿਰੰਕਾਰ॥੧੯॥
ਅਸੰਖ ਨਾਵ ਅਸੰਖ ਥਾਵ॥
ਅਗੰਮ ਅਗੰਮ ਅਸੰਖ ਲੋਅ॥
ਅਸੰਖ ਕਹਹਿ ਸਿਰਿ ਭਾਰੁ ਹੋਇ॥
ਅਖਰੀ ਨਾਮੁ ਅਖਰੀ ਸਾਲਾਹ॥
ਅਖਰੀ ਗਿਆਨੁ ਗੀਤ ਗੁਣ ਗਾਹ॥
ਅਖਰੀ ਲਿਖਣੁ ਬੋਲਣੁ ਬਾਣਿ॥
ਅਖਰਾ ਸਿਰਿ ਸੰਜੋਗੁ ਵਖਾਣਿ॥
ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ॥
ਜਿਵ ਫੁਰਮਾਏ ਤਿਵ ਤਿਵ ਪਾਹਿ॥
ਜੇਤਾ ਕੀਤਾ ਤੇਤਾ ਨਾਉ॥
ਵਿਣੁ ਨਾਵੈ ਨਾਹੀ ਕੋ ਥਾਉ॥
ਕੁਦਰਤਿ ਕਵਣ ਕਹਾ ਵੀਚਾਰੁ॥
ਵਾਰਿਆ ਨ ਜਾਵਾ ਏਕ ਵਾਰ॥
ਜੋ ਤੁਧੁ ਭਾਵੈ ਸਾਈ ਭਲੀ ਕਾਰ॥

ਤੂ ਸਦਾ ਸਲਾਮਤਿ ਨਿਰੰਕਾਰ॥੧੯॥
ਭਰੀਐ ਹਥੁ ਪੈਰੁ ਤਨੁ ਦੇਹ॥
ਪਾਣੀ ਧੋਤੈ ਉਤਰਸੁ ਖੇਹ॥
ਮੂਤ ਪਲੀਤੀ ਕਪੜੁ ਹੋਇ॥
ਦੇ ਸਾਬੂਣੁ ਲਈਐ ਓਹੁ ਧੋਇ॥
ਭਰੀਐ ਮਤਿ ਪਾਪਾ ਕੈ ਸੰਗਿ॥
ਓਹੁ ਧੋਪੈ ਨਾਵੈ ਕੈ ਰੰਗਿ॥
ਪੁੰਨੀ ਪਾਪੀ ਆਖਣੁ ਨਾਹਿ॥
ਕਰਿ ਕਰਿ ਕਰਣਾ ਲਿਖਿ ਲੈ ਜਾਹੁ॥
ਆਪੇ ਬੀਜਿ ਆਪੇ ਹੀ ਖਾਹੁ॥
ਨਾਨਕ ਹੁਕਮੀ ਆਵਹੁ ਜਾਹੁ॥੨੦॥
ਤੀਰਥੁ ਤਪੁ ਦਇਆ ਦਤੁ ਦਾਨੁ॥
ਜੇ ਕੋ ਪਾਵੈ ਤਿਲ ਕਾ ਮਾਨੁ॥
ਸੁਣਿਆ ਮੰਨਿਆ ਮਨਿ ਕੀਤਾ ਭਾਉ॥
ਅੰਤਰਗਤਿ ਤੀਰਥਿ ਮਲਿ ਨਾਉ॥

ਸਭਿ ਗੁਣ ਤੇਰੇ ਮੈ ਨਾਹੀ ਕੋਇ॥
ਵਿਣੁ ਗੁਣ ਕੀਤੇ ਭਗਤਿ ਨ ਹੋਇ॥
ਸੁਅਸਤਿ ਆਥਿ ਬਾਣੀ ਬਰਮਾਉ॥
ਸਤਿ ਸੁਹਾਣੁ ਸਦਾ ਮਨਿ ਚਾਉ॥
ਕਵਣੁ ਸੁ ਵੇਲਾ ਵਖਤੁ ਕਵਣੁ
ਕਵਣ ਥਿਤਿ ਕਵਣੁ ਵਾਰੁ॥
ਕਵਣਿ ਸਿ ਰੁਤੀ ਮਾਹੁ ਕਵਣੁ
ਜਿਤੁ ਹੋਆ ਆਕਾਰੁ॥
ਵੇਲ ਨ ਪਾਈਆ ਪੰਡਤੀ
ਜਿ ਹੋਵੈ ਲੇਖੁ ਪੁਰਾਣੁ॥
ਵਖਤੁ ਨ ਪਾਇਓ ਕਾਦੀਆ
ਜਿ ਲਿਖਨਿ ਲੇਖੁ ਕੁਰਾਣੁ॥
ਥਿਤਿ ਵਾਰੁ ਨਾ ਜੋਗੀ ਜਾਣੈ
ਰੁਤਿ ਮਾਹੁ ਨਾ ਕੋਈ॥
ਜਾ ਕਰਤਾ ਸਿਰਠੀ ਕਉ ਸਾਜੇ

ਆਪੇ ਜਾਣੈ ਸੋਈ॥

ਕਿਵ ਕਰਿ ਆਖਾ ਕਿਵ ਸਾਲਾਹੀ

ਕਿਉ ਵਰਨੀ ਕਿਵ ਜਾਣਾ॥

ਨਾਨਕ ਆਖਣਿ ਸਭੁ ਕੋ ਆਖੈ

ਇਕ ਦੂ ਇਕੁ ਸਿਆਣਾ॥

ਵਡਾ ਸਾਹਿਬੁ ਵਡੀ ਨਾਈ

ਕੀਤਾ ਜਾ ਕਾ ਹੋਵੈ॥

ਨਾਨਕ ਜੇ ਕੋ ਆਪੌ ਜਾਣੈ

ਅਗੈ ਗਇਆ ਨ ਸੋਹੈ॥੨੧॥

ਪਾਤਾਲਾ ਪਾਤਾਲ ਲਖ

ਆਗਾਸਾ ਆਗਾਸ॥

ਓੜਕ ਓੜਕ ਭਾਲਿ ਥਕੇ

ਵੇਦ ਕਹਨਿ ਇਕ ਵਾਤ॥

ਸਹਸ ਅਠਾਰਹ ਕਹਨਿ ਕਤੇਬਾ

ਅਸੁਲੂ ਇਕੁ ਧਾਤੁ॥

ਲੇਖਾ ਹੋਇ ਤ ਲਿਖੀਐ
ਲੇਖੈ ਹੋਇ ਵਿਣਾਸੁ॥
ਨਾਨਕ ਵਡਾ ਆਖੀਐ
ਆਪੇ ਜਾਣੈ ਆਪੁ॥੨੨॥
ਸਾਲਾਹੀ ਸਾਲਾਹਿ
ਏਤੀ ਸੁਰਤਿ ਨ ਪਾਈਆ॥
ਨਦੀਆ ਅਤੈ ਵਾਹ
ਪਵਹਿ ਸਮੁੰਦਿ ਨ ਜਾਣੀਅਹਿ॥
ਸਮੁੰਦ ਸਾਹ ਸੁਲਤਾਨ
ਗਿਰਹਾ ਸੇਤੀ ਮਾਲੁ ਧਨੁ॥
ਕੀੜੀ ਤੁਲਿ ਨ ਹੋਵਨੀ
ਜੇ ਤਿਸੁ ਮਨਹੁ ਨ ਵੀਸਰਹਿ॥੨੩॥
ਅੰਤੁ ਨ ਸਿਫਤੀ ਕਹਣਿ ਨ ਅੰਤੁ॥
ਅੰਤੁ ਨ ਕਰਣੈ ਦੇਣਿ ਨ ਅੰਤੁ॥
ਅੰਤੁ ਨ ਵੇਖਣਿ ਸੁਣਣਿ ਨ ਅੰਤੁ॥

ਅੰਤੁ ਨ ਜਾਪੈ ਕਿਆ ਮਨਿ ਮੰਤੁ॥
ਅੰਤੁ ਨ ਜਾਪੈ ਕੀਤਾ ਆਕਾਰੁ॥
ਅੰਤੁ ਨ ਜਾਪੈ ਪਾਰਾਵਾਰੁ॥
ਅੰਤ ਕਾਰਣਿ ਕੇਤੇ ਬਿਲਲਾਹਿ॥
ਤਾ ਕੇ ਅੰਤ ਨ ਪਾਏ ਜਾਹਿ॥
ਏਹੁ ਅੰਤੁ ਨ ਜਾਣੈ ਕੋਇ॥
ਬਹੁਤਾ ਕਹੀਐ ਬਹੁਤਾ ਹੋਇ॥
ਵਡਾ ਸਾਹਿਬੁ ਊਚਾ ਥਾਉ॥
ਊਚੇ ਉਪਰਿ ਊਚਾ ਨਾਉ॥
ਏਵਡੁ ਊਚਾ ਹੋਵੈ ਕੋਇ॥
ਤਿਸੁ ਊਚੇ ਕਉ ਜਾਣੈ ਸੋਇ॥
ਜੇਵਡੁ ਆਪਿ ਜਾਣੈ ਆਪਿ ਆਪਿ॥
ਨਾਨਕ ਨਦਰੀ ਕਰਮੀ ਦਾਤਿ॥੨੪॥
ਬਹੁਤਾ ਕਰਮੁ ਲਿਖਿਆ ਨਾ ਜਾਇ॥
ਵਡਾ ਦਾਤਾ ਤਿਲੁ ਨ ਤਮਾਇ॥

ਕੇਤੇ ਮੰਗਹਿ ਜੋਧ ਅਪਾਰ॥
ਕੇਤਿਆ ਗਣਤ ਨਹੀ ਵੀਚਾਰੁ॥
ਕੇਤੇ ਖਪਿ ਤੁਟਹਿ ਵੇਕਾਰ॥
ਕੇਤੇ ਲੈ ਲੈ ਮੁਕਰੁ ਪਾਹਿ॥
ਕੇਤੇ ਮੂਰਖ ਖਾਹੀ ਖਾਹਿ॥
ਕੇਤਿਆ ਦੂਖ ਭੂਖ ਸਦ ਮਾਰ॥
ਏਹਿ ਭਿ ਦਾਤਿ ਤੇਰੀ ਦਾਤਾਰ॥
ਬੰਦਿ ਖਲਾਸੀ ਭਾਣੈ ਹੋਇ॥
ਹੋਰੁ ਆਖਿ ਨ ਸਕੈ ਕੋਇ॥
ਜੇ ਕੋ ਖਾਇਕੁ ਆਖਣਿ ਪਾਇ॥
ਓਹੁ ਜਾਣੈ ਜੇਤੀਆ ਮੁਹਿ ਖਾਇ॥
ਆਪੇ ਜਾਣੈ ਆਪੇ ਦੇਇ॥
ਆਖਹਿ ਸਿ ਭਿ ਕੇਈ ਕੇਇ॥
ਜਿਸਨੋ ਬਖਸੇ ਸਿਫਤਿ ਸਾਲਾਹ॥
ਨਾਨਕ ਪਾਤਿਸਾਹੀ ਪਾਤਿਸਾਹੁ॥੨੫॥

ਅਮੁਲ ਗੁਣ ਅਮੁਲ ਵਾਪਾਰ॥
ਅਮੁਲ ਵਾਪਾਰੀਏ ਅਮੁਲ ਭੰਡਾਰ॥
ਅਮੁਲ ਆਵਹਿ ਅਮੁਲ ਲੈ ਜਾਹਿ॥
ਅਮੁਲ ਭਾਇ ਅਮੁਲਾ ਸਮਾਹਿ॥
ਅਮੁਲੁ ਧਰਮੁ ਅਮੁਲੁ ਦੀਬਾਣੁ॥
ਅਮੁਲੁ ਤੁਲੁ ਅਮੁਲੁ ਪਰਵਾਣੁ॥
ਅਮੁਲੁ ਬਖਸੀਸ ਅਮੁਲੁ ਨੀਸਾਣੁ॥
ਅਮੁਲੁ ਕਰਮੁ ਅਮੁਲੁ ਫੁਰਮਾਣੁ॥
ਅਮੁਲੋ ਅਮੁਲੁ ਆਖਿਆ ਨ ਜਾਇ॥
ਆਖਿ ਆਖਿ ਰਹੇ ਲਿਵ ਲਾਇ॥
ਆਖਹਿ ਵੇਦ ਪਾਠ ਪੁਰਾਣ॥
ਆਖਹਿ ਪੜੇ ਕਰਹਿ ਵਖਿਆਣ॥
ਆਖਹਿ ਬਰਮੇ ਆਖਹਿ ਇੰਦ॥
ਆਖਹਿ ਗੋਪੀ ਤੈ ਗੋਵਿੰਦ॥
ਆਖਹਿ ਈਸਰ ਆਖਹਿ ਸਿਧ॥

ਆਖਹਿ ਕੇਤੇ ਕੀਤੇ ਬੁਧ॥
ਆਖਹਿ ਦਾਨਵ ਆਖਹਿ ਦੇਵ॥
ਆਖਹਿ ਸੁਰਿ ਨਰ ਮੁਨਿ ਜਨ ਸੇਵ॥
ਕੇਤੇ ਆਖਹਿ ਆਖਣਿ ਪਾਹਿ॥
ਕੇਤੇ ਕਹਿ ਕਹਿ ਉਠਿ ਉਠਿ ਜਾਹਿ॥
ਏਤੇ ਕੀਤੇ ਹੋਰਿ ਕਰੇਹਿ॥
ਤਾ ਆਖਿ ਨ ਸਕਹਿ ਕੇਈ ਕੇਇ॥
ਜੇਵਡੁ ਭਾਵੈ ਤੇਵਡੁ ਹੋਇ॥
ਨਾਨਕ ਜਾਣੈ ਸਾਚਾ ਸੋਇ॥
ਜੇ ਕੋ ਆਖੈ ਬੋਲੁ ਵਿਗਾੜੁ॥
ਤਾ ਲਿਖੀਐ
ਸਿਰਿ ਗਾਵਾਰਾ ਗਾਵਾਰੁ॥੨੬॥
ਸੋ ਦਰੁ ਕੇਹਾ ਸੋ ਘਰੁ ਕੇਹਾ
ਜਿਤੁ ਬਹਿ ਸਰਬ ਸਮਾਲੇ॥
ਵਾਜੇ ਨਾਦ ਅਨੇਕ ਅਸੰਖਾ

ਕੇਤੇ ਵਾਵਣਹਾਰੇ॥
ਕੇਤੇ ਰਾਗ ਪਰੀ ਸਿਉ ਕਹੀਅਨਿ
ਕੇਤੇ ਗਾਵਣਹਾਰੇ॥
ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ
ਗਾਵੈ ਰਾਜਾ ਧਰਮੁ ਦੁਆਰੇ॥
ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ
ਲਿਖਿ ਲਿਖਿ ਧਰਮੁ ਵੀਚਾਰੇ॥
ਗਾਵਹਿ ਈਸਰੁ ਬਰਮਾ ਦੇਵੀ
ਸੋਹਨਿ ਸਦਾ ਸਵਾਰੇ॥
ਗਾਵਹਿ ਇੰਦ ਇਦਾਸਣਿ ਬੈਠੇ
ਦੇਵਤਿਆ ਦਰਿ ਨਾਲੇ॥
ਗਾਵਹਿ ਸਿਧ ਸਮਾਧੀ ਅੰਦਰਿ
ਗਾਵਨਿ ਸਾਧ ਵਿਚਾਰੇ॥
ਗਾਵਨਿ ਜਤੀ ਸਤੀ ਸੰਤੋਖੀ
ਗਾਵਹਿ ਵੀਰ ਕਰਾਰੇ॥

ਗਾਵਨਿ ਪੰਡਿਤ ਪੜਨਿ ਰਖੀਸਰ
ਜੁਗੁ ਜੁਗੁ ਵੇਦਾ ਨਾਲੇ॥
ਗਾਵਹਿ ਮੋਹਣੀਆ ਮਨੁ ਮੋਹਨਿ
ਸੁਰਗਾ ਮਛ ਪਇਆਲੇ॥
ਗਾਵਨਿ ਰਤਨ ਉਪਾਏ ਤੇਰੇ
ਅਠਸਠਿ ਤੀਰਥ ਨਾਲੇ॥
ਗਾਵਹਿ ਜੋਧ ਮਹਾਬਲ ਸੂਰਾ
ਗਾਵਹਿ ਖਾਣੀ ਚਾਰੇ॥
ਗਾਵਹਿ ਖੰਡ ਮੰਡਲ ਵਰਭੰਡਾ
ਕਰਿ ਕਰਿ ਰਖੇ ਧਾਰੇ॥
ਸੇਈ ਤੁਧੁ ਨੋ ਗਾਵਹਿ ਜੋ ਤੁਧੁ ਭਾਵਨਿ
ਰਤੇ ਤੇਰੇ ਭਗਤ ਰਸਾਲੇ॥
ਹੋਰਿ ਕੇਤੇ ਗਾਵਨਿ
ਸੇ ਮੈ ਚਿਤਿ ਨ ਆਵਨਿ
ਨਾਨਕੁ ਕਿਆ ਵੀਚਾਰੇ॥

ਸੋਈ ਸੋਈ ਸਦਾ ਸਚੁ ਸਾਹਿਬੁ
ਸਾਚਾ ਸਾਚੀ ਨਾਈ॥
ਹੈ ਭੀ ਹੋਸੀ ਜਾਇ ਨ ਜਾਸੀ
ਰਚਨਾ ਜਿਨਿ ਰਚਾਈ॥
ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ
ਮਾਇਆ ਜਿਨਿ ਉਪਾਈ॥
ਕਰਿ ਕਰਿ ਵੇਖੈ ਕੀਤਾ ਆਪਣਾ
ਜਿਵ ਤਿਸ ਦੀ ਵਡਿਆਈ॥
ਜੋ ਤਿਸੁ ਭਾਵੈ ਸੋਈ ਕਰਸੀ
ਹੁਕਮੁ ਨ ਕਰਣਾ ਜਾਈ॥
ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ
ਨਾਨਕ ਰਹਣੁ ਰਜਾਈ॥੨੭॥
ਮੁੰਦਾ ਸੰਤੋਖੁ ਸਰਮੁ ਪਤੁ ਝੋਲੀ
ਧਿਆਨ ਕੀ ਕਰਹਿ ਬਿਭੂਤਿ॥
ਖਿੰਥਾ ਕਾਲੁ ਕੁਆਰੀ ਕਾਇਆ

ਜੁਗਤਿ ਡੰਡਾ ਪਰਤੀਤਿ॥

ਆਈ ਪੰਥੀ ਸਗਲ ਜਮਾਤੀ

ਮਨਿ ਜੀਤੈ ਜਗੁ ਜੀਤੁ॥

ਆਦੇਸੁ ਤਿਸੈ ਆਦੇਸੁ॥

ਆਦਿ ਅਨੀਲੁ ਅਨਾਦਿ ਅਨਾਹਤਿ

ਜੁਗੁ ਜੁਗੁ ਏਕੋ ਵੇਸੁ॥੨੮॥

ਭੁਗਤਿ ਗਿਆਨੁ ਦਇਆ ਭੰਡਾਰਣਿ

ਘਟਿ ਘਟਿ ਵਾਜਹਿ ਨਾਦ॥

ਆਪਿ ਨਾਥੁ ਨਾਥੀ ਸਭ ਜਾ ਕੀ

ਰਿਧਿ ਸਿਧਿ ਅਵਰਾ ਸਾਦ॥

ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ

ਲੇਖੇ ਆਵਹਿ ਭਾਗ॥

ਆਦੇਸੁ ਤਿਸੈ ਆਦੇਸੁ॥

ਆਦਿ ਅਨੀਲੁ ਅਨਾਦਿ ਅਨਾਹਤਿ

ਜੁਗੁ ਜੁਗੁ ਏਕੋ ਵੇਸੁ॥੨੯॥

ਏਕਾ ਮਾਈ ਜੁਗਤਿ ਵਿਆਈ
ਤਿਨਿ ਚੇਲੇ ਪਰਵਾਣੁ॥
ਇਕੁ ਸੰਸਾਰੀ ਇਕੁ ਭੰਡਾਰੀ
ਇਕੁ ਲਾਏ ਦੀਬਾਣੁ॥
ਜਿਵ ਤਿਸੁ ਭਾਵੈ ਤਿਵੈ ਚਲਾਵੈ
ਜਿਵ ਹੋਵੈ ਫੁਰਮਾਣੁ॥
ਓਹੁ ਵੇਖੈ ਓਨਾ ਨਦਰਿ ਨ ਆਵੈ
ਬਹੁਤਾ ਏਹੁ ਵਿਡਾਣੁ॥
ਆਦੇਸੁ ਤਿਸੈ ਆਦੇਸੁ॥
ਆਦਿ ਅਨੀਲੁ ਅਨਾਦਿ ਅਨਾਹਤਿ
ਜੁਗੁ ਜੁਗੁ ਏਕੋ ਵੇਸੁ॥੩੦॥
ਆਸਣੁ ਲੋਇ ਲੋਇ ਭੰਡਾਰ॥
ਜੋ ਕਿਛੁ ਪਾਇਆ ਸੁ ਏਕਾ ਵਾਰ॥
ਕਰਿ ਕਰਿ ਵੇਖੈ ਸਿਰਜਣਹਾਰੁ॥
ਨਾਨਕ ਸਚੇ ਕੀ ਸਾਚੀ ਕਾਰ॥

ਆਦੇਸੁ ਤਿਸੈ ਆਦੇਸੁ ॥
ਆਦਿ ਅਨੀਲੁ ਅਨਾਦਿ ਅਨਾਹਤਿ
ਜੁਗੁ ਜੁਗੁ ਏਕੋ ਵੇਸੁ ॥੩੧॥
ਇਕ ਦੂ ਜੀਭੌ ਲਖ ਹੋਹਿ
ਲਖ ਹੋਵਹਿ ਲਖ ਵੀਸ ॥
ਲਖੁ ਲਖੁ ਗੇੜਾ ਆਖੀਅਹਿ
ਏਕੁ ਨਾਮੁ ਜਗਦੀਸ ॥
ਏਤੁ ਰਾਹਿ ਪਤਿ ਪਵੜੀਆ
ਚੜੀਐ ਹੋਇ ਇਕੀਸ ॥
ਸੁਣਿ ਗਲਾ ਆਕਾਸ ਕੀ
ਕੀਟਾ ਆਈ ਰੀਸ ॥
ਨਾਨਕ ਨਦਰੀ ਪਾਈਐ
ਕੂੜੀ ਕੂੜੈ ਠੀਸ ॥੩੨॥
ਆਖਣਿ ਜੋਰੁ ਚੁਪੈ ਨਹ ਜੋਰੁ ॥
ਜੋਰੁ ਨ ਮੰਗਣਿ ਦੇਣਿ ਨ ਜੋਰੁ ॥

ਜੋਰੁ ਨ ਜੀਵਣਿ ਮਰਣਿ ਨਹ ਜੋਰੁ॥
ਜੋਰੁ ਨ ਰਾਜਿ ਮਾਲਿ ਮਨਿ ਸੋਰੁ॥
ਜੋਰੁ ਨ ਸੁਰਤੀ ਗਿਆਨਿ ਵੀਚਾਰਿ॥
ਜੋਰੁ ਨ ਜੁਗਤੀ ਛੁਟੈ ਸੰਸਾਰੁ॥
ਜਿਸੁ ਹਥਿ ਜੋਰੁ ਕਰਿ ਵੇਖੈ ਸੋਇ॥
ਨਾਨਕ ਉਤਮੁ ਨੀਚੁ ਨ ਕੋਇ॥੩੩॥
ਰਾਤੀ ਰੁਤੀ ਥਿਤੀ ਵਾਰ॥
ਪਵਣ ਪਾਣੀ ਅਗਨੀ ਪਾਤਾਲ॥
ਤਿਸੁ ਵਿਚਿ
ਧਰਤੀ ਥਾਪਿ ਰਖੀ ਧਰਮਸਾਲ॥
ਤਿਸੁ ਵਿਚਿ
ਜੀਅ ਜੁਗਤਿ ਕੇ ਰੰਗ॥
ਤਿਨ ਕੇ ਨਾਮ ਅਨੇਕ ਅਨੰਤ॥
ਕਰਮੀ ਕਰਮੀ ਹੋਇ ਵੀਚਾਰੁ॥
ਸਚਾ ਆਪਿ ਸਚਾ ਦਰਬਾਰੁ॥

ਤਿਥੈ ਸੋਹਨਿ ਪੰਚ ਪਰਵਾਣੂ॥

ਨਦਰੀ ਕਰਮਿ ਪਵੈ ਨੀਸਾਣੂ॥

ਕਚ ਪਕਾਈ ਓਥੈ ਪਾਇ॥

ਨਾਨਕ ਗਇਆ ਜਾਪੈ ਜਾਇ॥੩੪॥

ਧਰਮ ਖੰਡ ਕਾ ਏਹੋ ਧਰਮੁ॥

ਗਿਆਨ ਖੰਡ ਕਾ ਆਖਹੁ ਕਰਮੁ॥

ਕੇਤੇ ਪਵਣ ਪਾਣੀ ਵੈਸੰਤਰ

ਕੇਤੇ ਕਾਨ ਮਹੇਸ॥

ਕੇਤੇ ਬਰਮੇ ਘਾੜਤਿ ਘੜੀਅਹਿ

ਰੂਪ ਰੰਗ ਕੇ ਵੇਸ॥

ਕੇਤੀਆ ਕਰਮ ਭੂਮੀ ਮੇਰ ਕੇਤੇ

ਕੇਤੇ ਧੂ ਉਪਦੇਸ॥

ਕੇਤੇ ਇੰਦ ਚੰਦ ਸੂਰ ਕੇਤੇ

ਕੇਤੇ ਮੰਡਲ ਦੇਸ॥

ਕੇਤੇ ਸਿਧ ਬੁਧ ਨਾਥ ਕੇਤੇ

ਕੇਤੇ ਦੇਵੀ ਵੇਸ॥
ਕੇਤੇ ਦੇਵ ਦਾਨਵ ਮੁਨਿ ਕੇਤੇ
ਕੇਤੇ ਰਤਨ ਸਮੁੰਦ॥
ਕੇਤੀਆ ਖਾਣੀ ਕੇਤੀਆ ਬਾਣੀ
ਕੇਤੇ ਪਾਤ ਨਰਿੰਦ॥
ਕੇਤੀਆ ਸੁਰਤੀ ਸੇਵਕ ਕੇਤੇ
ਨਾਨਕ ਅੰਤੁ ਨ ਅੰਤੁ॥੩੫॥
ਗਿਆਨ ਖੰਡ ਮਹਿ ਗਿਆਨੁ ਪਰਚੰਡੁ॥
ਤਿਥੈ ਨਾਦ ਬਿਨੋਦ ਕੋਡ ਅਨੰਦੁ॥
ਸਰਮ ਖੰਡ ਕੀ ਬਾਣੀ ਰੂਪੁ॥
ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ॥
ਤਾ ਕੀਆ ਗਲਾ ਕਥੀਆ ਨਾ ਜਾਹਿ॥
ਜੇ ਕੋ ਕਹੈ ਪਿਛੈ ਪਛੁਤਾਇ॥
ਤਿਥੈ ਘੜੀਐ
ਸੁਰਤਿ ਮਤਿ ਮਨਿ ਬੁਧਿ॥

ਤਿਥੈ ਘੜੀਐ
ਸੁਰਾ ਸਿਧਾ ਕੀ ਸੁਧਿ॥੩੬॥
ਕਰਮ ਖੰਡ ਕੀ ਬਾਣੀ ਜੋਰੁ॥
ਤਿਥੈ ਹੋਰੁ ਨ ਕੋਈ ਹੋਰੁ॥
ਤਿਥੈ ਜੋਧ ਮਹਾਬਲ ਸੂਰ॥
ਤਿਨ ਮਹਿ ਰਾਮੁ ਰਹਿਆ ਭਰਪੂਰ॥
ਤਿਥੈ ਸੀਤੋ ਸੀਤਾ ਮਹਿਮਾ ਮਾਹਿ॥
ਤਾ ਕੇ ਰੂਪ ਨ ਕਥਨੇ ਜਾਹਿ॥
ਨਾ ਓਹਿ ਮਰਹਿ ਨ ਠਾਗੇ ਜਾਹਿ॥
ਜਿਨ ਕੈ ਰਾਮੁ ਵਸੈ ਮਨ ਮਾਹਿ॥
ਤਿਥੈ ਭਗਤ ਵਸਹਿ ਕੇ ਲੋਅ॥
ਕਰਹਿ ਅਨੰਦੁ ਸਚਾ ਮਨਿ ਸੋਇ॥
ਸਚ ਖੰਡਿ ਵਸੈ ਨਿਰੰਕਾਰੁ॥
ਕਰਿ ਕਰਿ ਵੇਖੈ ਨਦਰਿ ਨਿਹਾਲ॥
ਤਿਥੈ ਖੰਡ ਮੰਡਲ ਵਰਭੰਡ॥

ਤਿਥੈ ਘੜੀਐ
ਸੁਰਾ ਸਿਧਾ ਕੀ ਸੁਧਿ॥੩੬॥
ਕਰਮ ਖੰਡ ਕੀ ਬਾਣੀ ਜੋਰੁ॥
ਤਿਥੈ ਹੋਰੁ ਨ ਕੋਈ ਹੋਰੁ॥
ਤਿਥੈ ਜੋਧ ਮਹਾਬਲ ਸੂਰ॥
ਤਿਨ ਮਹਿ ਰਾਮੁ ਰਹਿਆ ਭਰਪੂਰ॥
ਤਿਥੈ ਸੀਤੋ ਸੀਤਾ ਮਹਿਮਾ ਮਾਹਿ॥
ਤਾ ਕੇ ਰੂਪ ਨ ਕਥਨੇ ਜਾਹਿ॥
ਨਾ ਓਹਿ ਮਰਹਿ ਨ ਠਾਗੇ ਜਾਹਿ॥
ਜਿਨ ਕੈ ਰਾਮੁ ਵਸੈ ਮਨ ਮਾਹਿ॥
ਤਿਥੈ ਭਗਤ ਵਸਹਿ ਕੇ ਲੋਅ॥
ਕਰਹਿ ਅਨੰਦੁ ਸਚਾ ਮਨਿ ਸੋਇ॥
ਸਚ ਖੰਡਿ ਵਸੈ ਨਿਰੰਕਾਰੁ॥
ਕਰਿ ਕਰਿ ਵੇਖੈ ਨਦਰਿ ਨਿਹਾਲ॥
ਤਿਥੈ ਖੰਡ ਮੰਡਲ ਵਰਭੰਡ॥

ਜੇ ਕੋ ਕਥੈ ਤ ਅੰਤ ਨ ਅੰਤ॥
ਤਿਥੈ ਲੋਅ ਲੋਅ ਆਕਾਰ॥
ਜਿਵ ਜਿਵ ਹੁਕਮੁ ਤਿਵੈ ਤਿਵ ਕਾਰ॥
ਵੇਖੈ ਵਿਗਸੈ ਕਰਿ ਵੀਚਾਰੁ॥
ਨਾਨਕ ਕਥਨਾ ਕਰੜਾ ਸਾਰੁ॥੩੭॥
ਜਤੁ ਪਾਹਾਰਾ ਧੀਰਜੁ ਸੁਨਿਆਰੁ॥
ਅਹਰਣਿ ਮਤਿ ਵੇਦੁ ਹਥੀਆਰੁ॥
ਭਉ ਖਲਾ ਅਗਨਿ ਤਪ ਤਾਉ॥
ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ॥
ਘੜੀਐ ਸਬਦੁ ਸਚੀ ਟਕਸਾਲ॥
ਜਿਨ ਕਉ ਨਦਰਿ ਕਰਮੁ ਤਿਨ ਕਾਰ॥
ਨਾਨਕ ਨਦਰੀ ਨਦਰਿ ਨਿਹਾਲ॥੩੮॥

ਸਲੋਕੁ॥

ਪਵਣੁ ਗੁਰੂ ਪਾਣੀ ਪਿਤਾ
ਮਾਤਾ ਧਰਤਿ ਮਹਤੁ॥

ਦਿਵਸੁ ਰਾਤਿ ਦੁਇ ਦਾਈ ਦਾਇਆ

ਖੇਲੈ ਸਗਲ ਜਗਤੁ॥

ਚੰਗਿਆਈਆ ਬੁਰਿਆਈਆ

ਵਾਚੈ ਧਰਮੁ ਹਦੂਰਿ॥

ਕਰਮੀ ਆਪੋ ਆਪਣੀ

ਕੇ ਨੇੜੈ ਕੇ ਦੂਰਿ॥

ਜਿਨੀ ਨਾਮੁ ਧਿਆਇਆ

ਗਏ ਮਸਕਤਿ ਘਾਲਿ॥

ਨਾਨਕ ਤੇ ਮੁਖ ਉਜਲੇ

ਕੇਤੀ ਛੁਟੀ ਨਾਲਿ॥੧॥

# ਜਾਪੁ ਸਾਹਿਬ

ੴ ਸਤਿਗੁਰ ਪ੍ਰਸਾਦਿ॥

ਸ੍ਰੀ ਵਾਹਿਗੁਰੂ ਜੀ ਕੀ ਫਤਹ॥

ਜਾਪੁ॥

ਸ੍ਰੀ ਮੁਖਵਾਕ ਪਾਤਿਸਾਹੀ ੧੦॥

ਛਪੈ ਛੰਦ॥ ਤ੍ਵ ਪ੍ਰਸਾਦਿ॥

ਚਕ੍ਰ ਚਿਹਨ ਅਰੁ ਬਰਨ ਜਾਤਿ
ਅਰੁ ਪਾਤਿ ਨਹਿਨ ਜਿਹ॥
ਰੂਪ ਰੰਗ ਅਰੁ ਰੇਖ ਭੇਖ
ਕੋਊ ਕਹਿ ਨ ਸਕਤਿ ਕਿਹ॥
ਅਚਲ ਮੂਰਤਿ ਅਨਭਉ ਪ੍ਰਕਾਸ
ਅਮਿਤੋਜਿ ਕਹਿਜੈ॥

ਕੋਟਿ ਇੰਦ੍ਰ ਇੰਦ੍ਰਾਣਿ
ਸਾਹਿ ਸਾਹਾਣਿ ਗਣਿਜੈ॥
ਤ੍ਰਿਭਵਣ ਮਹੀਪ ਸੁਰ ਨਰ ਅਸੁਰ
ਨੇਤ ਨੇਤ ਬਨ ਤ੍ਰਿਣ ਕਹਤ॥
ਤ੍ਵ ਸਰਬ ਨਾਮ ਕਥੈ ਕਵਨ
ਕਰਮ ਨਾਮ ਬਰਣਤ ਸੁਮਤਿ॥੧॥

ਭੁਜੰਗ ਪ੍ਰਯਾਤ ਛੰਦ॥

ਨਮਸਤ੍ਵੰ ਅਕਾਲੇ॥ ਨਮਸਤ੍ਵੰ ਕ੍ਰਿਪਾਲੇ॥
ਨਮਸਤੰ ਅਰੂਪੇ॥ ਨਮਸਤੰ ਅਨੂਪੇ॥੨॥
ਨਮਸਤੰ ਅਭੇਖੇ॥ ਨਮਸਤੰ ਅਲੇਖੇ॥
ਨਮਸਤੰ ਅਕਾਏ॥ ਨਮਸਤੰ ਅਜਾਏ॥੩॥
ਨਮਸਤੰ ਅਗੰਜੇ॥ ਨਮਸਤੰ ਅਭੰਜੇ॥
ਨਮਸਤੰ ਅਨਾਮੇ॥ ਨਮਸਤੰ ਅਠਾਮੇ॥੪॥
ਨਮਸਤੰ ਅਕਰਮੰ॥ ਨਮਸਤੰ ਅਧਰਮੰ॥
ਨਮਸਤੰ ਅਨਾਮੰ॥ ਨਮਸਤੰ ਅਧਾਮੰ॥੫॥

ਨਮਸਤੰ ਅਜੀਤੇ॥ ਨਮਸਤੰ ਅਭੀਤੇ॥
ਨਮਸਤੰ ਅਬਾਹੇ॥ ਨਮਸਤੰ ਅਢਾਹੇ॥੬॥
ਨਮਸਤੰ ਅਨੀਲੇ॥ ਨਮਸਤੰ ਅਨਾਦੇ॥
ਨਮਸਤੰ ਅਛੇਦੇ॥ ਨਮਸਤੰ ਅਗਾਧੇ॥੭॥
ਨਮਸਤੰ ਅਗੰਜੇ॥ ਨਮਸਤੰ ਅਭੰਜੇ॥
ਨਮਸਤੰ ਉਦਾਰੇ॥ ਨਮਸਤੰ ਅਪਾਰੇ॥੮॥
ਨਮਸਤੰ ਸੁ ਏਕੈ॥ ਨਮਸਤੰ ਅਨੇਕੈ॥
ਨਮਸਤੰ ਅਭੂਤੇ॥ ਨਮਸਤੰ ਅਜੂਪੇ॥੯॥
ਨਮਸਤੰ ਨ੍ਰਿਕਰਮੇ॥ ਨਮਸਤੰ ਨ੍ਰਿਭਰਮੇ॥
ਨਮਸਤੰ ਨ੍ਰਿਦੇਸੇ॥ ਨਮਸਤੰ ਨ੍ਰਿਭੇਸੇ॥੧੦॥
ਨਮਸਤੰ ਨ੍ਰਿਨਾਮੇ॥ ਨਮਸਤੰ ਨ੍ਰਿਕਾਮੇ॥
ਨਮਸਤੰ ਨ੍ਰਿਧਾਤੇ॥ ਨਮਸਤੰ ਨ੍ਰਿਘਾਤੇ॥੧੧॥
ਨਮਸਤੰ ਨ੍ਰਿਧੂਤੇ॥ ਨਮਸਤੰ ਅਭੂਤੇ॥
ਨਮਸਤੰ ਅਲੋਕੇ॥ ਨਮਸਤੰ ਅਸੋਕੇ॥੧੨॥
ਨਮਸਤੰ ਨ੍ਰਿਤਾਪੇ॥ ਨਮਸਤੰ ਅਥਾਪੇ॥

ਨਮਸਤੰ ਤ੍ਰਿਮਾਨੇ॥ ਨਮਸਤੰ ਨਿਧਾਨੇ॥੧੩॥
ਨਮਸਤੰ ਅਗਾਹੇ॥ ਨਮਸਤੰ ਅਬਾਹੇ॥
ਨਮਸਤੰ ਤ੍ਰਿਬਰਗੇ॥ ਨਮਸਤੰ ਅਸਰਗੇ॥੧੪॥
ਨਮਸਤੰ ਪ੍ਰਭੋਗੇ॥ ਨਮਸਤੰ ਸੁ ਜੋਗੇ॥
ਨਮਸਤੰ ਅਰੰਗੇ॥ ਨਮਸਤੰ ਅਭੰਗੇ॥੧੫॥
ਨਮਸਤੰ ਅਗੰਮੇ॥ ਨਮਸਤੱਸਤ ਰੰਮੇ॥
ਨਮਸਤੰ ਜਲਾਸਰੇ॥ ਨਮਸਤੰ ਨਿਰਾਸਰੇ॥੧੬॥
ਨਮਸਤੰ ਅਜਾਤੇ॥ ਨਮਸਤੰ ਅਪਾਤੇ॥
ਨਮਸਤੰ ਅਮਜਬੇ॥ ਨਮਸਤੱਸਤੁ ਅਜਬੇ॥੧੭॥
ਅਦੇਸੰ ਅਦੇਸੇ॥ ਨਮਸਤੰ ਅਭੇਸੇ॥
ਨਮਸਤੰ ਨ੍ਰਿਧਾਮੇ॥ ਨਮਸਤੰ ਨ੍ਰਿਬਾਮੇ॥੧੮॥
ਨਮੋ ਸਰਬ ਕਾਲੇ॥ ਨਮੋ ਸਰਬ ਦਿਆਲੇ॥
ਨਮੋ ਸਰਬ ਰੂਪੇ॥ ਨਮੋ ਸਰਬ ਭੂਪੇ॥੧੯॥
ਨਮੋ ਸਰਬ ਖਾਪੇ॥ ਨਮੋ ਸਰਬ ਥਾਪੇ॥
ਨਮੋ ਸਰਬ ਕਾਲੇ॥ ਨਮੋ ਸਰਬ ਪਾਲੇ॥੨੦॥

ਨਮਸਤੱਸਤ ਦੇਵੈ॥ ਨਮਸਤੰ ਅਭੇਵੈ॥

ਨਮਸਤ ਅਜਨਮੇ॥ ਨਮਸਤੰ ਸੁ ਬਨ ਮੇ॥੨੧॥

ਨਮੋ ਸਰਬ ਗਉਨੇ॥ ਨਮੋ ਸਰਬ ਭਉਨੇ॥

ਨਮੋ ਸਰਬ ਰੰਗੇ॥ ਨਮੋ ਸਰਬ ਭੰਗੇ॥੨੨॥

ਨਮੋ ਕਾਲ ਕਾਲੇ॥ ਨਮਸਤੱਸਤ ਦਿਆਲੇ॥

ਨਮਸਤੰ ਅਬਰਨੇ॥ ਨਮਸਤੰ ਅਮਰਨੇ॥੨੩॥

ਨਮਸਤੰ ਜਰਾਰੰ॥ ਨਮਸਤੰ ਕ੍ਰਿਤਾਰੰ॥

ਨਮੋ ਸਰਬ ਧੰਧੇ॥ ਨਮੋਸਤ ਅਬੰਧੇ॥੨੪॥

ਨਮਸਤੰ ਨ੍ਰਿਸਾਕੇ॥ ਨਮਸਤੰ ਨ੍ਰਿਬਾਕੇ॥

ਨਮਸਤੰ ਰਹੀਮੇ॥ ਨਮਸਤੰ ਕਰੀਮੇ॥੨੫॥

ਨਮਸਤੰ ਅਨੰਤੇ॥ ਨਮਸਤ ਮਹੰਤੇ॥

ਨਮਸਤੱਸਤ ਰਾਗੇ॥ ਨਮਸਤੰ ਸੁਹਾਗੇ॥੨੬॥

ਨਮੋ ਸਰਬ ਸੋਖੰ॥ ਨਮੋ ਸਰਬ ਪੋਖੰ॥

ਨਮੋ ਸਰਬ ਕਰਤਾ॥ ਨਮੋ ਸਰਬ ਹਰਤਾ॥੨੭॥

ਨਮੋ ਜੋਗ ਜੋਗੇ॥ ਨਮੋ ਭੋਗ ਭੋਗੇ॥

ਨਮੋ ਸਰਬ ਦਿਆਲੇ॥ ਨਮੋ ਸਰਬ ਪਾਲੇ॥੨੮॥

ਚਾਚਰੀ ਛੰਦ॥ ਤ੍ਵ ਪ੍ਰਸਾਦਿ॥

ਅਰੂਪ ਹੈਂ॥ ਅਨੂਪ ਹੈਂ॥

ਅਜੂ ਹੈਂ॥ ਅਭੂ ਹੈਂ॥੨੯॥

ਅਲੇਖ ਹੈਂ॥ ਅਭੇਖ ਹੈਂ॥

ਅਨਾਮ ਹੈਂ॥ ਅਕਾਮ ਹੈਂ॥੩੦॥

ਅਧੇ ਹੈਂ॥ ਅਭੇ ਹੈਂ॥

ਅਜੀਤ ਹੈਂ॥ ਅਭੀਤ ਹੈਂ॥੩੧॥

ਤ੍ਰਿਮਾਨ ਹੈਂ॥ ਨਿਧਾਨ ਹੈਂ॥

ਤ੍ਰਿਬਰਗ ਹੈਂ॥ ਅਸਰਗ ਹੈਂ॥੩੨॥

ਅਨੀਲ ਹੈਂ॥ ਅਨਾਦ ਹੈਂ॥

ਅਜੇ ਹੈਂ॥ ਅਜਾਦ ਹੈਂ॥੩੩॥

ਅਜਨਮ ਹੈਂ॥ ਅਬਰਨ ਹੈਂ॥

ਅਭੂਤ ਹੈਂ॥ ਅਭਰਨ ਹੈਂ॥੩੪॥

ਅਗੰਜ ਹੈਂ॥ ਅਭੰਜ ਹੈਂ॥

ਅਛੂਝ ਹੈਂ॥ ਅਝੂਝ ਹੈਂ॥੩੫॥
ਅਮੀਕ ਹੈਂ॥ ਰਫੀਕ ਹੈਂ॥
ਅਧੰਧ ਹੈਂ॥ ਅਬੰਧ ਹੈਂ॥੩੬॥
ਨ੍ਰਿਬੂਝ ਹੈਂ॥ ਅਸੂਝ ਹੈਂ॥
ਅਕਾਲ ਹੈਂ॥ ਅਜਾਲ ਹੈਂ॥੩੭॥
ਅਲਾਹ ਹੈਂ॥ ਅਜਾਹ ਹੈਂ॥
ਅਨੰਤ ਹੈਂ॥ ਮਹੰਤ ਹੈਂ॥੩੮॥
ਅਲੀਕ ਹੈਂ॥ ਨ੍ਰਿਸ੍ਰੀਕ ਹੈਂ॥
ਨ੍ਰਿਲੰਭ ਹੈਂ॥ ਅਸੰਭ ਹੈਂ॥੩੯॥
ਅਗੰਮ ਹੈਂ॥ ਅਜੰਮ ਹੈਂ॥
ਅਭੂਤ ਹੈਂ॥ ਅਛੂਤ ਹੈਂ॥੪੦॥
ਅਲੋਕ ਹੈਂ॥ ਅਸੋਕ ਹੈਂ॥
ਅਕਰਮ ਹੈਂ॥ ਅਭਰਮ ਹੈਂ॥੪੧॥
ਅਜੀਤ ਹੈਂ॥ ਅਭੀਤ ਹੈਂ॥
ਅਬਾਹ ਹੈਂ॥ ਅਗਾਹ ਹੈਂ॥੪੨॥

ਅਮਾਨ ਹੈਂ॥ ਨਿਧਾਨ ਹੈਂ॥
ਅਨੇਕ ਹੈਂ॥ ਫਿਰ ਏਕ ਹੈਂ॥੪੩॥

ਭੁਜੰਗ ਪ੍ਰਯਾਤ ਛੰਦ॥

ਨਮੋ ਸਰਬ ਮਾਨੇ॥ ਸਮਸਤੀ ਨਿਧਾਨੇ॥
ਨਮੋ ਦੇਵ ਦੇਵੇ॥ ਅਭੇਖੀ ਅਭੇਵੇ॥੪੪॥
ਨਮੋ ਕਾਲ ਕਾਲੇ॥ ਨਮੋ ਸਰਬ ਪਾਲੇ॥
ਨਮੋ ਸਰਬ ਗਉਣੇ॥ ਨਮੋ ਸਰਬ ਭਉਣੇ॥੪੫॥
ਅਨੰਗੀ ਅਨਾਥੇ॥ ਨ੍ਰਿਸੰਗੀ ਪ੍ਰਮਾਥੇ॥
ਨਮੋ ਭਾਨ ਭਾਨੇ॥ ਨਮੋ ਮਾਨ ਮਾਨੇ॥੪੬॥
ਨਮੋ ਚੰਦ੍ਰ ਚੰਦ੍ਰੇ॥ ਨਮੋ ਭਾਨ ਭਾਨੇ॥
ਨਮੋ ਗੀਤ ਗੀਤੇ॥ ਨਮੋ ਤਾਨ ਤਾਨੇ॥੪੭॥
ਨਮੋ ਨਿਰਤ ਨਿਰਤੇ॥ ਨਮੋ ਨਾਦ ਨਾਦੇ॥
ਨਮੋ ਪਾਨ ਪਾਨੇ॥ ਨਮੋ ਬਾਦ ਬਾਦੇ॥੪੮॥
ਅਨੰਗੀ ਅਨਾਮੇ॥ ਸਮਸਤੀ ਸਰੂਪੇ॥
ਪ੍ਰਭੰਗੀ ਪ੍ਰਮਾਥੇ॥ ਸਮਸਤੀ ਬਿਭੂਤੇ॥੪੯॥

ਕਲੰਕੰ ਬਿਨਾਨੇ*॥ ਕਲੰਕੀ ਸਰੂਪੇ॥

ਨਮੋ ਰਾਜ ਰਾਜੇ*॥ ਸ੍ਵਰੰ ਪਰਮ ਰੂਪੇ॥੫੦॥

ਨਮੋ ਜੋਗ ਜੋਗੇ*॥ ਸ੍ਵਰੰ ਪਰਮ ਸਿੱਧੇ॥

ਨਮੋ ਰਾਜ ਰਾਜੇ*॥ ਸ੍ਵਰੰ ਪਰਮ ਬ੍ਰਿਧੇ॥੫੧॥

ਨਮੋ ਸਸਤ੍ਰ ਪਾਣੇ॥ ਨਮੋ ਅਸਤ੍ਰ ਮਾਣੇ॥

ਨਮੋ ਪਰਮ ਗਿਆਤਾ॥ ਨਮੋ ਲੋਕ ਮਾਤਾ॥੫੨॥

ਅਭੇਖੀ ਅਭਰਮੀ॥ ਅਭੋਗੀ ਅਭੁਗਤੇ॥

ਨਮੋ ਜੋਗ ਜੋਗੇ*॥ ਸ੍ਵਰੰ ਪਰਮ ਜੁਗਤੇ॥੫੩॥

ਨਮੋ ਨਿੱਤ ਨਾਰਾਇਣੇ॥ ਕ੍ਰੂਰ ਕਰਮੇ॥

ਨਮੋ ਪ੍ਰੇਤ ਅਪ੍ਰੇਤ॥ ਦੇਵੇ ਸੁਧਰਮੇ॥੫੪॥

ਨਮੋ ਰੋਗ ਹਰਤਾ॥ ਨਮੋ ਰਾਗ ਰੂਪੇ॥

ਨਮੋ ਸਾਹ ਸਾਹੰ॥ ਨਮੋ ਭੂਪ ਭੂਪੇ॥੫੫॥

ਨਮੋ ਦਾਨ ਦਾਨੇ॥ ਨਮੋ ਮਾਨ ਮਾਨੇ॥

ਨਮੋ ਰੋਗ ਰੋਗੇ॥ ਨਮਸਤੰ ਇਸਨਾਨੰ॥੫੬॥

---

* ਇਸ ਬਾਰੇ ਵਿਚਾਰ ਗੁਟਕੇ ਦੇ ਆਦਿ ਅਤੇ ਅੰਤ ਵਿਚ ਵੇਖੋ।

ਨਮੋ ਮੰਤ੍ਰ ਮੰਤ੍ਰੰ॥ ਨਮੋ ਜੰਤ੍ਰ ਜੰਤ੍ਰੰ॥
ਨਮੋ ਇਸਟ ਇਸਟੇ॥ ਨਮੋ ਤੰਤ੍ਰ ਤੰਤ੍ਰੰ॥੫੭॥
ਸਦਾ ਸਚਦਾਨੰਦ॥ ਸਰਬੰ ਪ੍ਰਣਾਸੀ॥
ਅਨੂਪੇ ਅਰੂਪੇ॥ ਸਮਸਤੁਲਿ ਨਿਵਾਸੀ॥੫੮॥
ਸਦਾ ਸਿਧ ਦਾ॥ ਬੁਧ ਦਾ ਬ੍ਰਿਧ ਕਰਤਾ॥
ਅਧੋ ਉਰਧ ਅਰਧੰ॥ ਅਘੰ ਓਘ ਹਰਤਾ॥੫੯॥
ਪਰਮ ਪਰਮ ਪਰਮੇ*॥ ਸ੍ਵਰੰ ਪ੍ਰੋਛ ਪਾਲੰ॥
ਸਦਾ ਸਰਬ ਦਾ॥ ਸਿਧ ਦਾਤਾ ਦਿਆਲੰ॥੬੦॥
ਅਛੇਦੀ ਅਭੇਦੀ॥ ਅਨਾਮੰ ਅਕਾਮੰ॥
ਸਮਸਤੋ ਪਰਾਜੀ॥ ਸਮਸਤਸਤ ਧਾਮੰ॥੬੧॥

ਤੇਰਾ ਜੋਰੁ॥ ਚਾਚਰੀ ਛੰਦ॥

ਜਲੇ ਹੈਂ॥ ਥਲੇ ਹੈਂ॥
ਅਭੀਤ ਹੈਂ॥ ਅਭੇ ਹੈਂ॥੬੨॥
ਪ੍ਰਭੂ ਹੈਂ॥ ਅਜੂ ਹੈਂ॥

* [illegible]

ਅਦੇਸ ਹੈਂ॥ ਅਭੇਸ ਹੈਂ॥੬੩॥

ਭੁਜੰਗ ਪ੍ਰਯਾਤ ਛੰਦ॥

ਅਗਾਧੇ ਅਬਾਧੇ॥ ਅਨੰਦੀ ਸਰੂਪੇ॥
ਨਮੋ ਸਰਬ ਮਾਨੇ॥ ਸਮਸਤੀ ਨਿਧਾਨੇ॥੬੪॥
ਨਮਸਤ੍ਵੰ ਨ੍ਰਿਨਾਥੇ॥ ਨਮਸਤ੍ਵੰ ਪ੍ਰਮਾਥੇ॥
ਨਮਸਤ੍ਵੰ ਅਗੰਜੇ॥ ਨਮਸਤ੍ਵੰ ਅਭੰਜੇ॥੬੫॥
ਨਮਸਤ੍ਵੰ ਅਕਾਲੇ॥ ਨਮਸਤ੍ਵੰ ਅਪਾਲੇ॥
ਨਮੋ ਸਰਬ ਦੇਸੇ॥ ਨਮੋ ਸਰਬ ਭੇਸੇ॥੬੬॥
ਨਮੋ ਰਾਜ ਰਾਜੇ॥ ਨਮੋ ਸਾਜ ਸਾਜੇ॥
ਨਮੋ ਸਾਹ ਸਾਹੇ॥ ਨਮੋ ਮਾਹ ਮਾਹੇ॥੬੭॥
ਨਮੋ ਗੀਤ ਗੀਤੇ॥ ਨਮੋ ਪ੍ਰੀਤ ਪ੍ਰੀਤੇ॥
ਨਮੋ ਰੋਖ ਰੋਖੇ॥ ਨਮੋ ਸੋਖ ਸੋਖੇ॥੬੮॥
ਨਮੋ ਸਰਬ ਰੋਗੇ॥ ਨਮੋ ਸਰਬ ਭੋਗੇ॥
ਨਮੋ ਸਰਬ ਜੀਤੰ॥ ਨਮੋ ਸਰਬ ਭੀਤੰ॥੬੯॥
ਨਮੋ ਸਰਬ ਗਿਆਨੰ॥ ਨਮੋ ਪਰਮ ਤਾਨੰ॥

ਨਮੋ ਸਰਬ ਮੰਤ੍ਰੰ॥ ਨਮੋ ਸਰਬ ਜੰਤ੍ਰੰ॥੭੦॥

ਨਮੋ ਸਰਬ ਦ੍ਰਿਸੰ॥ ਨਮੋ ਸਰਬ ਕ੍ਰਿਸੰ॥

ਨਮੋ ਸਰਬ ਰੰਗੇ॥ ਤ੍ਰਿਭੰਗੀ ਅਨੰਗੇ॥੭੧॥

ਨਮੋ ਜੀਵ ਜੀਵੰ॥ ਨਮੋ ਬੀਜ ਬੀਜੇ॥

ਅਖਿਜੇ ਅਭਿਜੇ॥ ਸਮਸਤੰ ਪ੍ਰਸਿਜੇ॥੭੨॥

ਕ੍ਰਿਪਾਲੰ ਸਰੂਪੇ॥ ਕੁਕਰਮੰ ਪ੍ਰਣਾਸੀ॥

ਸਦਾ ਸਰਬ ਦਾ॥ ਰਿਧਿ ਸਿਧੰ ਨਿਵਾਸੀ॥੭੩॥

ਚਰਪਟ ਛੰਦ॥ ਤ੍ਵ ਪ੍ਰਸਾਦਿ॥

ਅੰਮ੍ਰਿਤ ਕਰਮੇ॥ ਅੰਬ੍ਰਿਤ ਧਰਮੇ॥

ਅਖੱਲ ਜੋਗੇ॥ ਅਚੱਲ ਭੋਗੇ॥੭੪॥

ਅਚੱਲ ਰਾਜੇ॥ ਅਟੱਲ ਸਾਜੇ॥

ਅਖੱਲ ਧਰਮੰ॥ ਅਲੱਖ ਕਰਮੰ॥੭੫॥

ਸਰਬੰ ਦਾਤਾ॥ ਸਰਬੰ ਗਿਆਤਾ॥

ਸਰਬੰ ਭਾਨੇ॥ ਸਰਬੰ ਮਾਨੇ॥੭੬॥

ਸਰਬੰ ਪ੍ਰਾਣੰ॥ ਸਰਬੰ ਤ੍ਰਾਣੰ॥

ਸਰਬੰ ਭੁਗਤਾ॥ ਸਰਬੰ ਜੁਗਤਾ॥੭੭॥

ਸਰਬੰ ਦੇਵੰ॥ ਸਰਬੰ ਭੇਵੰ॥

ਸਰਬੰ ਕਾਲੇ॥ ਸਰਬੰ ਪਾਲੇ॥੭੮॥

ਰੂਆਲ ਛੰਦ॥ ਤ੍ਵ ਪ੍ਰਸਾਦਿ॥

ਆਦਿ ਰੂਪ ਅਨਾਦਿ ਮੂਰਤਿ

ਅਜੋਨ ਪੁਰਖ ਅਪਾਰ॥

ਸਰਬ ਮਾਨ ਤ੍ਰਿਮਾਨ ਦੇਵ

ਅਭੇਵ ਆਦਿ ਉਦਾਰ॥

ਸਰਬ ਪਾਲਕ ਸਰਬ ਘਾਲਕ

ਸਰਬ ਕੋ ਪੁਨਿ ਕਾਲ॥

ਜੱਤ੍ਰ ਤੱਤ੍ਰ ਬਿਰਾਜਹੀ

ਅਵਧੂਤ ਰੂਪ ਰਿਸਾਲ॥੭੯॥

ਨਾਮ ਠਾਮ ਨ ਜਾਤ ਜਾ ਕਰ

ਰੂਪ ਰੰਗ ਨ ਰੇਖ॥

ਆਦਿ ਪੁਰਖ ਉਦਾਰ ਮੂਰਤਿ

ਅਜੋਨ ਆਦਿ ਅਸੇਖ॥
ਦੇਸ ਔਰ ਨ ਭੇਸ ਜਾ ਕਰ
ਰੂਪ ਰੇਖ ਨ ਰਾਗ॥
ਜੱਤ੍ਰ ਤੱਤ੍ਰ ਦਿਸਾ ਵਿਸਾ
ਹੁਇ ਫੈਲਿਓ ਅਨੁਰਾਗੁ॥੮੦॥
ਨਾਮ ਕਾਮ ਬਿਹੀਨ ਪੇਖਤ
ਧਾਮ ਹੂੰ ਨਹਿ ਜਾਹਿ॥
ਸਰਬ ਮਾਨ ਸਰਬਤ੍ਰ ਮਾਨ
ਸਦੈਵ ਮਾਨਤ ਤਾਹਿ॥
ਏਕ ਮੂਰਤਿ ਅਨੇਕ ਦਰਸਨ
ਕੀਨ ਰੂਪ ਅਨੇਕ॥
ਖੇਲ ਖੇਲ ਅਖੇਲ ਖੇਲਨ
ਅੰਤ ਕੋ ਫਿਰ ਏਕ॥੮੧॥
ਦੇਵ ਭੇਵ ਨ ਜਾਨਹੀ
ਜਿਹ ਬੇਦ ਅਉਰ ਕਤੇਬ॥

ਰੂਪ ਰੰਗ ਨ ਜਾਤਿ ਧਾਤਿ
ਸੁ ਜਾਨਈ ਕਿਹ ਜੇਬ॥
ਤਾਤ ਮਾਤ ਨ ਜਾਤ ਜਾ ਕਰਿ
ਜਨਮ ਮਰਨ ਬਿਹੀਨ॥
ਚੱਕ੍ਰ ਬੱਕ੍ਰ ਫਿਰੈ ਚੱਤ੍ਰ ਚੱਕ
ਮਾਨਈ ਪੁਰ ਤੀਨ॥੮੨॥
ਲੋਕ ਚਉਦਹ ਕੇ ਬਿਖੈ
ਜਗ ਜਾਪਹੀ ਜਿਹ ਜਾਪ॥
ਆਦਿ ਦੇਵ ਅਨਾਦਿ ਮੂਰਤਿ
ਥਾਪਿਓ ਸਬੈ ਜਿਹ ਥਾਪ॥
ਪਰਮ ਰੂਪ ਪੁਨੀਤ ਮੂਰਤਿ
ਪੂਰਨ ਪੁਰਖੁ ਅਪਾਰ॥
ਸਰਬ ਬਿਸ੍ਵ ਰਚਿਓ ਸੁਯੰਭਵ
ਗੜਨ ਭੰਜਨਹਾਰ॥੮੩॥
ਕਾਲ ਹੀਨ ਕਲਾ ਸੰਜੁਗਤਿ

ਅਕਾਲ ਪੁਰਖ ਅਦੇਸ॥
ਧਰਮ ਧਾਮ ਸੁ ਭਰਮ ਰਹਤ
ਅਭੂਤ ਅਲਖ ਅਭੇਸ॥
ਅੰਗ ਰਾਗ ਨ ਰੰਗ ਜਾ ਕਹਿ
ਜਾਤ ਪਾਤ ਨ ਨਾਮ॥
ਗਰਬ ਗੰਜਨ ਦੁਸਟ ਭੰਜਨ
ਮੁਕਤ ਦਾਇਕ ਕਾਮ॥੯੪॥
ਆਪ ਰੂਪ ਅਮੀਕ ਅਨਉਸਤਤਿ
ਏਕ ਪੁਰਖ ਅਵਧੂਤ॥
ਗਰਬ ਗੰਜਨ ਸਰਬ ਭੰਜਨ
ਆਦਿ ਰੂਪ ਅਸੂਤ॥
ਅੰਗ ਹੀਨ ਅਭੰਗ ਅਨਾਤਮ
ਏਕ ਪੁਰਖ ਅਪਾਰ॥
ਸਰਬ ਲਾਇਕ ਸਰਬ ਘਾਇਕ
ਸਰਬ ਕੋ ਪ੍ਰਿਤਿਪਾਰ॥੯੫॥

ਸਰਬ ਗੰਤਾ ਸਰਬ ਹੰਤਾ
ਸਰਬ ਤੇ ਅਨਭੇਖ॥
ਸਰਬ ਸਾਸਤ੍ਰ ਨ ਜਾਨਹੀ
ਜਿਹ ਰੂਪ ਰੰਗ ਅਰੁ ਰੇਖ॥
ਪਰਮ ਬੇਦ ਪੁਰਾਨ ਜਾ ਕਹਿ
ਨੇਤ ਭਾਖਤ ਨਿੱਤ॥
ਕੋਟਿ ਸਿੰਮ੍ਰਿਤਿ ਪੁਰਾਨ ਸਾਸਤ੍ਰ
ਨ ਆਵਹੀ ਵਹੁ ਚਿਤਿ॥੮੬॥

ਮਧੁਭਾਰ ਛੰਦ॥ ਤ੍ਵ ਪ੍ਰਸਾਦਿ॥

ਗੁਨ ਗਨ ਉਦਾਰ॥ ਮਹਿਮਾ ਅਪਾਰ॥
ਆਸਨ ਅਭੰਗ॥ ਉਪਮਾ ਅਨੰਗ॥੮੭॥
ਅਨਭਉ ਪ੍ਰਕਾਸ॥ ਨਿਸਦਿਨ ਅਨਾਸ॥
ਆਜਾਨ ਬਾਹੁ॥ ਸਾਹਾਨ ਸਾਹੁ॥੮੮॥
ਰਾਜਾਨ ਰਾਜ॥ ਭਾਨਾਨ ਭਾਨ॥
ਦੇਵਾਨ ਦੇਵ॥ ਉਪਮਾ ਮਹਾਨ॥੮੯॥

ਇੰਦ੍ਰਾਨ ਇੰਦ੍ਰ॥ ਬਾਲਾਨ ਬਾਲ॥
ਰੰਕਾਨ ਰੰਕ॥ ਕਾਲਾਨ ਕਾਲ॥੯੦॥
ਅਨਭੂਤ ਅੰਗ॥ ਆਭਾ ਅਭੰਗ॥
ਗਤਿ ਮਿਤਿ ਅਪਾਰ॥
ਗੁਨ ਗਨ ਉਦਾਰ॥੯੧॥
ਮੁਨਿ ਗਨਿ ਪ੍ਰਨਾਮ॥ ਨਿਰਭੈ ਨਿਕਾਮ॥
ਅਤਿ ਦੁਤਿ ਪ੍ਰਚੰਡ॥
ਮਿਤਿ ਗਤਿ ਅਖੰਡ॥੯੨॥
ਆਲਿਸਜ ਕਰਮ॥ ਆਦ੍ਰਿਸਜ ਧਰਮ॥
ਸਰਬਾ ਭਰਣਾਢਯ॥ ਅਨਡੰਡ ਬਾਢਯ॥੯੩॥

ਚਾਚਰੀ ਛੰਦ॥ ਤ੍ਵ ਪ੍ਰਸਾਦਿ॥

ਗੋਬਿੰਦੇ॥ ਮੁਕੰਦੇ॥ ਉਦਾਰੇ॥ ਅਪਾਰੇ॥੯੪॥
ਹਰੀਅੰ॥ ਕਰੀਅੰ॥ ਨ੍ਰਿਨਾਮੇ॥ ਅਕਾਮੇ॥੯੫॥

ਭੁਜੰਗ ਪ੍ਰਯਾਤ ਛੰਦ॥

ਚੱਤ੍ਰ ਚੱਕ੍ਰ ਕਰਤਾ॥ ਚੱਤ੍ਰ ਚੱਕ੍ਰ ਹਰਤਾ॥

ਚੱਤ੍ਰ ਚੱਕ੍ਰ ਦਾਨੈ॥ ਚੱਤ੍ਰ ਚੱਕ੍ਰ ਜਾਨੈ॥੯੬॥
ਚੱਤ੍ਰ ਚੱਕ੍ਰ ਵਰਤੀ॥ ਚੱਤ੍ਰ ਚੱਕ੍ਰ ਭਰਤੀ॥
ਚੱਤ੍ਰ ਚੱਕ੍ਰ ਪਾਲੇ॥ ਚੱਤ੍ਰ ਚੱਕ੍ਰ ਕਾਲੇ॥੯੭॥
ਚੱਤ੍ਰ ਚੱਕ੍ਰ ਪਾਸੇ॥ ਚੱਤ੍ਰ ਚੱਕ੍ਰ ਵਾਸੇ॥
ਚੱਤ੍ਰ ਚੱਕ੍ਰ ਮਾਨਯੈ॥ ਚੱਤ੍ਰ ਚੱਕ੍ਰ ਦਾਨਯੈ॥੯੮॥

ਚਾਚਰੀ ਛੰਦ॥

ਨ ਸਤ੍ਰੈ॥ ਨ ਮਿਤ੍ਰੈ॥
ਨ ਭਰਮੰ॥ ਨ ਭਿਤ੍ਰੈ॥੯੯॥
ਨ ਕਰਮੰ॥ ਨ ਕਾਏ॥
ਅਜਨਮੰ॥ ਅਜਾਏ॥੧੦੦॥
ਨ ਚਿਤ੍ਰੈ॥ ਨ ਮਿਤ੍ਰੈ॥
ਪਰੇ ਹੈਂ॥ ਪਵਿਤ੍ਰੈ॥੧੦੧॥
ਪ੍ਰਿਥੀਸੈ॥ ਅਦੀਸੈ॥
ਅਦ੍ਰਿਸੈ॥ ਅਕ੍ਰਿਸੈ॥੧੦੨॥

ਭਗਵਤੀ ਛੰਦ॥ ਤ੍ਵ ਪ੍ਰਸਾਦਿ ਕਥਤੇ॥

ਕਿ ਆਛਿਜ ਦੇਸੈ॥ ਕਿ ਆਭਿਜ ਭੇਸੈ॥
ਕਿ ਆਗੰਜ ਕਰਮੈ॥
ਕਿ ਆਭੰਜ ਭਰਮੈ॥੧੦੩॥
ਕਿ ਆਭਿਜ ਲੋਕੈ॥ ਕਿ ਆਦਿਤ ਸੋਕੈ॥
ਕਿ ਅਵਧੂਤ ਬਰਨੈ॥
ਕਿ ਬਿਭੂਤ ਕਰਨੈ॥੧੦੪॥
ਕਿ ਰਾਜੰ ਪ੍ਰਭਾ ਹੈਂ॥ ਕਿ ਧਰਮੰ ਧੁਜਾ ਹੈਂ॥
ਕਿ ਆਸੋਕ ਬਰਨੈ॥
ਕਿ ਸਰਬਾ ਅਭਰਨੈ॥ ੧੦੫॥
ਕਿ ਜਗਤੰ ਕ੍ਰਿਤੀ ਹੈਂ॥ ਕਿ ਛਤ੍ਰੰ ਛਤ੍ਰੀ ਹੈਂ॥
ਕਿ ਬ੍ਰਹਮੰ ਸਰੂਪੈ॥
ਕਿ ਅਨਭਉ ਅਨੂਪੈ॥੧੦੬॥
ਕਿ ਆਦਿ ਅਦੇਵ ਹੈਂ॥ ਕਿ ਆਪਿ ਅਭੇਵ ਹੈਂ॥
ਕਿ ਚਿਤ੍ਰੰ ਬਿਹੀਨੈ॥
ਕਿ ਏਕੈ ਅਧੀਨੈ॥੧੦੭॥

ਕਿ ਰੋਜੀ ਰਜਾਕੈ॥ ਰਹੀਮੈ ਰਿਹਾਕੈ॥
ਕਿ ਪਾਕ ਬਿਐਬ ਹੈਂ॥
ਕਿ ਗੈਬੁਲ ਗੈਬ ਹੈਂ ॥੧੦੮॥
ਕਿ ਅਫਵੁਲ ਗੁਨਾਹ ਹੈਂ॥
ਕਿ ਸਾਹਾਨ ਸਾਹ ਹੈਂ॥
ਕਿ ਕਾਰਨ ਕੁਨਿੰਦ ਹੈਂ॥
ਕਿ ਰੋਜੀ ਦਿਹੰਦ ਹੈਂ॥੧੦੯॥
ਕਿ ਰਾਜਕ ਰਹੀਮ ਹੈਂ॥
ਕਿ ਕਰਮੰ ਕਰੀਮ ਹੈਂ॥
ਕਿ ਸਰਬੰ ਕਲੀ ਹੈਂ॥
ਕਿ ਸਰਬੰ ਦਲੀ ਹੈਂ॥੧੧੦॥
ਕਿ ਸਰਬਤ੍ਰ ਮਾਨਿਯੈ॥
ਕਿ ਸਰਬਤ੍ਰ ਦਾਨਿਯੈ॥
ਕਿ ਸਰਬਤ੍ਰ ਗਉਨੈ॥
ਕਿ ਸਰਬਤ੍ਰ ਭਉਨੈ॥੧੧੧॥

ਕਿ ਸਰਬਤ੍ਰ ਦੇਸੈ॥

ਕਿ ਸਰਬਤ੍ਰ ਭੇਸੈ॥ ਕਿ ਸਰਬਤ੍ਰ ਰਾਜੈ॥

ਕਿ ਸਰਬਤ੍ਰ ਸਾਜੈ॥੧੧੨॥

ਕਿ ਸਰਬਤ੍ਰ ਦੀਨੈਂ॥ ਕਿ ਸਰਬਤ੍ਰ ਲੀਨੈਂ॥

ਕਿ ਸਰਬਤ੍ਰ ਜਾ ਹੋ॥

ਕਿ ਸਰਬਤ੍ਰ ਭਾ ਹੋ॥੧੧੩॥

ਕਿ ਸਰਬਤ੍ਰ ਦੇਸੈ॥ ਕਿ ਸਰਬਤ੍ਰ ਭੇਸੈ॥

ਕਿ ਸਰਬਤ੍ਰ ਕਾਲੈ॥

ਕਿ ਸਰਬਤ੍ਰ ਪਾਲੈ॥੧੧੪॥

ਕਿ ਸਰਬਤ੍ਰ ਹੰਤਾ॥ ਕਿ ਸਰਬਤ੍ਰ ਗੰਤਾ॥

ਕਿ ਸਰਬਤ੍ਰ ਭੇਖੀ॥

ਕਿ ਸਰਬਤ੍ਰ ਪੇਖੀ॥੧੧੫॥

ਕਿ ਸਰਬਤ੍ਰ ਕਾਜੈ॥ ਕਿ ਸਰਬਤ੍ਰ ਰਾਜੈ॥

ਕਿ ਸਰਬਤ੍ਰ ਸੋਖੈ॥

ਕਿ ਸਰਬਤ੍ਰ ਪੋਖੈ॥੧੧੬॥

ਕਿ ਸਰਬਤ੍ਰ ਤ੍ਰਾਣੈ॥ ਕਿ ਸਰਬਤ੍ਰ ਪ੍ਰਾਣੈ॥
ਕਿ ਸਰਬਤ੍ਰ ਦੇਸੈ॥
ਕਿ ਸਰਬਤ੍ਰ ਭੇਸੈ॥੧੧੭॥
ਕਿ ਸਰਬਤ੍ਰ ਮਾਨਿਯੈ॥ਸਦੈਵੰ ਪ੍ਰਧਾਨਿਯੈ॥
ਕਿ ਸਰਬਤ੍ਰ ਜਾਪਯੈ॥
ਕਿ ਸਰਬਤ੍ਰ ਥਾਪਯੈ॥੧੧੮॥
ਕਿ ਸਰਬਤ੍ਰ ਭਾਨੈ॥ ਕਿ ਸਰਬਤ੍ਰ ਮਾਨੈ॥
ਕਿ ਸਰਬਤ੍ਰ ਇੰਦ੍ਰੈ॥
ਕਿ ਸਰਬਤ੍ਰ ਚੰਦ੍ਰੈ॥੧੧੯॥
ਕਿ ਸਰਬੰ ਕਲੀਮੈ॥ ਕਿ ਪਰਮੰ ਫਹੀਮੈ॥
ਕਿ ਆਕਲ ਅਲਾਮੈ॥
ਕਿ ਸਾਹਿਬ ਕਲਾਮੈ॥੧੨੦॥
ਕਿ ਹੁਸਨਲ ਵਜੂ ਹੈਂ॥ ਤਮਾਮੁਲ ਰੁਜੂ ਹੈਂ॥
ਹਮੇਸੁਲ ਸਲਾਮੈ॥
ਸਲੀਖਤ ਮੁਦਾਮੈ॥੧੨੧॥

ਗਨੀਮੁਲ ਸ਼ਿਕਸਤੈ॥ ਗਰੀਬੁਲ ਪਰਸਤੈ॥
ਬਿਲੰਦੁਲ ਮਕਾਨੈਂ॥
ਜਮੀਨੁਲ ਜਮਾਨੈਂ॥੧੨੨॥
ਤਮੀਜੁਲ ਤਮਾਮੈ॥ ਰੁਜੂਅਲ ਨਿਧਾਨੈ॥
ਹਰੀਫੁਲ ਅਜੀਮੈ॥
ਰਜਾਇਕ ਯਕੀਨੈਂ॥੧੨੩॥
ਅਨੇਕੁਲ ਤਰੰਗ ਹੈਂ॥ ਅਭੇਦ ਹੈਂ ਅਭੰਗ ਹੈਂ॥
ਅਜੀਜੁਲ ਨਿਵਾਜ ਹੈਂ॥
ਗਨੀਮੁਲ ਖਿਰਾਜ ਹੈਂ॥੧੨੪॥
ਨਿਰੁੱਕਤ ਸਰੂਪ ਹੈਂ॥ ਤ੍ਰਿਮੁਕਤਿ ਬਿਭੂਤ ਹੈਂ॥
ਪ੍ਰਭੁਗਤਿ ਪ੍ਰਭਾ ਹੈਂ॥
ਸੁਜੁਗਤਿ ਸੁਧਾ ਹੈਂ॥੧੨੫॥
ਸਦੈਵੰ ਸਰੂਪ ਹੈਂ॥ ਅਭੇਦੀ ਅਨੂਪ ਹੈਂ॥
ਸਮਸਤੋ ਪਰਾਜ ਹੈਂ॥
ਸਦਾ ਸਰਬ ਸਾਜ ਹੈਂ॥੧੨੬॥

ਸਮਸਤੁਲ ਸਲਾਮ ਹੈਂ॥ ਸਦੈਵਲ ਅਕਾਮ ਹੈਂ॥
ਨ੍ਰਿਬਾਧ ਸਰੂਪ ਹੈਂ॥
ਅਗਾਧਿ ਹੈਂ ਅਨੂਪ ਹੈਂ॥੧੨੭॥
ਓਅੰ ਆਦਿ ਰੂਪੇ॥ ਅਨਾਦਿ ਸਰੂਪੈ॥
ਅਨੰਗੀ ਅਨਾਮੇ॥
ਤ੍ਰਿਭੰਗੀ ਤ੍ਰਿਕਾਮੇ॥੧੨੮॥
ਤ੍ਰਿਬਰਗੰ ਤ੍ਰਿਬਾਧੇ॥ ਅਗੰਜੇ ਅਗਾਧੇ॥
ਸੁਭੰ ਸਰਬ ਭਾਗੇ॥
ਸੁ ਸਰਬਾ ਅਨੁਰਾਗੇ॥੧੨੯॥
ਤ੍ਰਿਭੁਗਤ ਸਰੂਪ ਹੈਂ॥ ਅਛਿਜ ਹੈਂ ਅਛੂਤ ਹੈਂ॥
ਕਿ ਨਰਕੰ ਪ੍ਰਣਾਸ ਹੈਂ॥
ਪ੍ਰਿਥੀਉਲ ਪ੍ਰਵਾਸ ਹੈਂ॥੧੩੦॥
ਨਿਰੁਕਤ ਪ੍ਰਭਾ ਹੈਂ॥ ਸਦੈਵੰ ਸਦਾ ਹੈਂ॥
ਬਿਭੁਗਤਿ ਸਰੂਪ ਹੈਂ॥
ਪ੍ਰਜੁਗਤਿ ਅਨੂਪ ਹੈਂ॥੧੩੧॥

ਨਿਰੁਕਤ ਸਦਾ ਹੈਂ॥ ਬਿਭੁਗਤ ਪ੍ਰਭਾ ਹੈਂ॥
ਅਨਉਕਤ ਸਰੂਪ ਹੈਂ॥
ਪ੍ਰਜੁਗਤਿ ਅਨੂਪ ਹੈਂ॥ ੧੩੨॥

ਚਾਚਰੀ ਛੰਦ॥

ਅਭੰਗ ਹੈਂ॥ ਅਨੰਗ ਹੈਂ॥
ਅਭੇਖ ਹੈਂ॥ ਅਲੇਖ ਹੈਂ॥੧੩੩॥
ਅਭਰਮ ਹੈਂ॥ ਅਕਰਮ ਹੈਂ॥
ਅਨਾਦਿ ਹੈਂ॥ ਜੁਗਾਦਿ ਹੈਂ॥੧੩੪॥
ਅਜੈ ਹੈਂ॥ ਅਬੈ ਹੈਂ॥
ਅਭੂਤ ਹੈਂ॥ ਅਧੂਤ ਹੈਂ॥੧੩੫॥
ਅਨਾਸ ਹੈਂ॥ ਉਦਾਸ ਹੈਂ॥
ਅਧੰਧ ਹੈਂ॥ ਅਬੰਧ ਹੈਂ॥੧੩੬॥
ਅਭਗਤ ਹੈਂ॥ ਬਿਰੱਕਤ ਹੈਂ॥
ਅਨਾਸ ਹੈਂ॥ ਪ੍ਰਕਾਸ ਹੈਂ॥੧੩੭॥
ਨਿਚਿੰਤ ਹੈਂ॥ ਸੁਨਿੰਤ ਹੈਂ॥

ਅਲਿਖ ਹੈਂ॥ ਅਦਿਖ ਹੈਂ॥੧੩੮॥

ਅਲੇਖ ਹੈਂ॥ ਅਭੇਖ ਹੈਂ॥

ਅਢਾਹ ਹੈਂ॥ ਅਗਾਹ ਹੈਂ॥੧੩੯॥

ਅਸੰਭ ਹੈਂ॥ ਅਗੰਭ ਹੈਂ॥

ਅਨੀਲ ਹੈਂ॥ ਅਨਾਦ ਹੈਂ॥੧੪੦॥

ਅਨਿੱਤ ਹੈਂ॥ ਸੁ ਨਿੱਤ ਹੈਂ॥

ਅਜਾਤ ਹੈਂ॥ ਅਜਾਦਿ ਹੈਂ॥੧੪੧॥

ਚਰਪਟ ਛੰਦ॥ ਤ੍ਵ ਪ੍ਰਸਾਦਿ॥

ਸਰਬੰ ਹੰਤਾ॥ ਸਰਬੰ ਗੰਤਾ॥

ਸਰਬੰ ਖਿਆਤਾ॥ ਸਰਬੰ ਗਿਆਤਾ॥੧੪੨॥

ਸਰਬੰ ਹਰਤਾ॥ ਸਰਬੰ ਕਰਤਾ॥

ਸਰਬੰ ਪ੍ਰਾਣੰ॥ ਸਰਬੰ ਤ੍ਰਾਣੰ॥੧੪੩॥

ਸਰਬੰ ਕਰਮੰ॥ ਸਰਬੰ ਧਰਮੰ॥

ਸਰਬੰ ਜੁਗਤਾ॥ ਸਰਬੰ ਮੁਕਤਾ॥੧੪੪॥

ਰਸਾਵਲ ਛੰਦ॥ ਤ੍ਵ ਪ੍ਰਸਾਦਿ॥

ਨਮੋ ਨਰਕ ਨਾਸੇ॥ ਸਦੈਵੰ ਪ੍ਰਕਾਸੇ॥
ਅਨੰਗੰ ਸਰੂਪੇ॥ ਅਭੰਗੰ ਬਿਭੂਤੇ॥੧੪੫॥
ਪ੍ਰਮਾਥੰ ਪ੍ਰਮਾਥੇ॥ ਸਦਾ ਸਰਬ ਸਾਥੇ॥
ਅਗਾਧਿ ਸਰੂਪੇ॥ ਨ੍ਰਿਬਾਧਿ ਬਿਭੂਤੇ॥੧੪੬॥
ਅਨੰਗੀ ਅਨਾਮੇ॥ ਤ੍ਰਿਭੰਗੀ ਤ੍ਰਿਕਾਮੇ॥
ਨ੍ਰਿਭੰਗੀ ਸਰੂਪੇ॥ ਸ੍ਰਬੰਗੀ ਅਨੂਪੇ॥੧੪੭॥
ਨ ਪੋਤ੍ਰੈ ਨ ਪੁਤ੍ਰੈ॥ ਨ ਸਤ੍ਰੈ ਨ ਮਿਤ੍ਰੈ॥
ਨ ਤਾਤੈ ਨ ਮਾਤੈ॥ ਨ ਜਾਤੈ ਨ ਪਾਤੈ॥੧੪੮॥
ਨ੍ਰਿਸਾਕੰ ਸਰੀਕ ਹੈਂ॥ ਅਮਿਤੋ ਅਮੀਕ ਹੈਂ॥
ਸਦੈਵੰ ਪ੍ਰਭਾ ਹੈਂ॥ ਅਜੈ ਹੈਂ ਅਜਾ ਹੈਂ॥੧੪੯॥

ਭਗਵਤੀ ਛੰਦ॥ ਤ੍ਵ ਪ੍ਰਸਾਦਿ॥

ਕਿ ਜਾਹਰ ਜਹੂਰ ਹੈਂ॥
ਕਿ ਹਾਜਰ ਹਜੂਰ ਹੈਂ॥
ਹਮੇਸੁਲ ਸਲਾਮ ਹੈਂ॥
ਸਮਸਤੁਲ ਕਲਾਮ ਹੈਂ॥੧੫੦॥

ਕਿ ਸਾਹਿਬ ਦਿਮਾਗ ਹੈਂ॥

ਕਿ ਹੁਸਨਲ ਚਰਾਗ ਹੈਂ॥

ਕਿ ਕਾਮਲ ਕਰੀਮ ਹੈਂ॥

ਕਿ ਰਾਜਕ ਰਹੀਮ ਹੈਂ॥੧੫੧॥

ਕਿ ਰੋਜੀ ਦਿਹੰਦ ਹੈਂ॥

ਕਿ ਰਾਜਕ ਰਹਿੰਦ ਹੈਂ॥

ਕਰੀਮੁਲ ਕਮਾਲ ਹੈਂ॥

ਕਿ ਹੁਸਨਲ ਜਮਾਲ ਹੈਂ॥੧੫੨॥

ਗਨੀਮੁਲ ਖਿਰਾਜ ਹੈਂ॥

ਗਰੀਬੁਲ ਨਿਵਾਜ ਹੈਂ॥

ਹਰੀਫੁਲ ਸਿਕੰਨ ਹੈਂ॥

ਹਿਰਾਸੁਲ ਫਿਕੰਨ ਹੈਂ॥੧੫੩॥

ਕਲੰਕੰ ਪ੍ਰਣਾਸ ਹੈਂ॥

ਸਮਸਤੁਲ ਨਿਵਾਸ ਹੈਂ॥

ਅਗੰਜੁਲ ਗਨੀਮ ਹੈਂ॥

ਰਜਾਇਕ ਰਹੀਮ ਹੈਂ॥੧੫੪॥

ਸਮਸਤੁਲ ਜੁਬਾ ਹੈਂ॥

ਕਿ ਸਾਹਿਬ ਕਿਰਾ ਹੈਂ॥

ਕਿ ਨਰਕੰ ਪ੍ਰਣਾਸ ਹੈਂ॥

ਬਹਿਸਤੁਲ ਨਿਵਾਸ ਹੈਂ॥੧੫੫॥

ਕਿ ਸਰਬੁਲ ਗਵੰਨ ਹੈਂ॥

ਹਮੇਸੁਲ ਰਵੰਨ ਹੈਂ॥

ਤਮਾਮੁਲ ਤਮੀਜ ਹੈਂ॥

ਸਮਸਤੁਲ ਅਜੀਜ ਹੈਂ॥੧੫੬॥

ਪਰੰ ਪਰਮ ਈਸ ਹੈਂ॥

ਸਮਸਤੁਲ ਅਦੀਸ ਹੈਂ॥

ਅਦੇਸੁਲ ਅਲੇਖ ਹੈਂ॥

ਹਮੇਸੁਲ ਅਭੇਖ ਹੈਂ॥੧੫੭॥

ਜਿਮੀਨੁਲ ਜਮਾ ਹੈਂ॥

ਅਮੀਕੁਲ ਇਮਾ ਹੈਂ॥

ਕਰੀਮੁਲ ਕਮਾਲ ਹੈਂ॥
ਕਿ ਜੁਰਅਤਿ ਜਮਾਲ ਹੈਂ॥੧੫੮॥
ਕਿ ਅਚਲੰ ਪ੍ਰਕਾਸ ਹੈਂ॥
ਕਿ ਅਮਿਤੋ ਸੁ ਬਾਸ ਹੈਂ॥
ਕਿ ਅਜਬ ਸਰੂਪ ਹੈਂ॥
ਕਿ ਅਮਿਤੋ ਬਿਭੂਤ ਹੈਂ॥੧੫੯॥
ਕਿ ਅਮਿਤੋ ਪਸਾ ਹੈਂ॥
ਕਿ ਆਤਮ ਪ੍ਰਭਾ ਹੈਂ॥
ਕਿ ਅਚਲੰ ਅਨੰਗ ਹੈਂ॥
ਕਿ ਅਮਿਤੋ ਅਭੰਗ ਹੈਂ॥੧੬੦॥

ਮਧੁਭਾਰ ਛੰਦ॥ ਤ੍ਵ ਪ੍ਰਸਾਦਿ॥

ਮੁਨਿ ਮਨਿ ਪ੍ਰਨਾਮ॥ ਗੁਨਿ ਗਨ ਮੁਦਾਮ॥
ਅਰ ਬਰ ਅਗੰਜ॥
ਹਰਿ ਨਰ ਪ੍ਰਭੰਜ॥੧੬੧॥
ਅਨਗਨ ਪ੍ਰਨਾਮ॥ ਮੁਨ ਮਨ ਸਲਾਮ॥

ਹਰਿ ਨਰ ਅਖੰਡ॥

ਬਰ ਨਰ ਅਮੰਡ॥੧੬੨॥

ਅਨਭਵ ਅਨਾਸ॥ ਮੁਨਿ ਮਨ ਪ੍ਰਕਾਸ॥

ਗੁਨ ਗਨ ਪ੍ਰਨਾਮ॥

ਜਲ ਥਲ ਮੁਦਾਮ॥੧੬੩॥

ਅਨਛਿਜ ਅੰਗ॥ ਆਸਨ ਅਭੰਗ॥

ਉਪਮਾ ਅਪਾਰ॥

ਗਤਿ ਮਿਤਿ ਉਦਾਰ॥੧੬੪॥

ਜਲ ਥਲ ਅਮੰਡ॥ ਦਿਸ ਵਿਸ ਅਭੰਡ॥

ਜਲ ਥਲ ਮਹੰਤ॥

ਦਿਸ ਵਿਸ ਬਿਅੰਤ॥੧੬੫॥

ਅਨਭਵ ਅਨਾਸ॥ ਧ੍ਰਿਤ ਧਰ ਧੁਰਾਸ॥

ਆਜਾਨ ਬਾਹੁ॥

ਏਕੈ ਸਦਾਹੁ॥੧੬੬॥

ਓਅੰਕਾਰਿ ਆਦਿ॥ ਕਥਨੀ ਅਨਾਦਿ॥

ਖਲ ਖੰਡ ਖਿਆਲ॥
ਗੁਰਬਰ ਅਕਾਲ॥੧੬੭॥
ਘਰ ਘਰ ਪ੍ਰਨਾਮ॥ ਚਿਤ ਚਰਨ ਨਾਮ॥
ਅਨਛਿਜ ਗਾਤ॥
ਆਜਿਜ ਨ ਬਾਤ॥੧੬੮॥
ਅਨਝੰਝ ਗਾਤ॥ ਅਨਰੰਜ ਬਾਤ॥
ਅਨਟੁਟ ਭੰਡਾਰ॥
ਅਨਠਟ ਅਪਾਰ॥੧੬੯॥
ਆਡੀਠ ਧਰਮ॥ ਅਤ ਢੀਠ ਕਰਮ॥
ਅਣਬ੍ਰਣ ਅਨੰਤ॥
ਦਾਤਾ ਮਹੰਤ॥੧੭੦॥

ਹਰਿਬੋਲਮਨਾ ਛੰਦ॥ ਤ੍ਵ ਪ੍ਰਸਾਦਿ॥

ਕਰੁਣਾਲਯ ਹੈਂ॥ ਅਰ ਘਾਲਯ ਹੈਂ॥
ਖਲ ਖੰਡਨ ਹੈਂ॥
ਮਹਿ ਮੰਡਨ ਹੈਂ॥੧੭੧॥

ਜਗਤੇਸੂਰ ਹੈਂ॥ ਪਰਮੇਸੂਰ ਹੈਂ॥
ਕਲਿ ਕਾਰਨ ਹੈਂ॥
ਸਰਬ ਉਬਾਰਨ ਹੈਂ॥੧੭੨॥
ਧ੍ਰਿਤ ਕੇ ਧਰਨ ਹੈਂ॥ ਜਗ ਕੇ ਕਰਨ ਹੈਂ॥
ਮਨ ਮਾਨਿਯ ਹੈਂ॥
ਜਗ ਜਾਨਿਯ ਹੈਂ॥੧੭੩॥
ਸਰਬੰ ਭਰ ਹੈਂ॥ ਸਰਬੰ ਕਰ ਹੈਂ॥
ਸਰਬ ਪਾਸਿਯ ਹੈਂ॥
ਸਰਬ ਨਾਸਿਯ ਹੈਂ॥੧੭੪॥
ਕਰੁਣਾ ਕਰ ਹੈਂ॥ ਬਿਸੂੰਭਰ ਹੈਂ॥
ਸਰਬੇਸੂਰ ਹੈਂ॥
ਜਗਤੇਸੂਰ ਹੈਂ॥੧੭੫॥
ਬ੍ਰਹਮੰਡਸ ਹੈਂ॥ ਖਲ ਖੰਡਸ ਹੈਂ॥
ਪਰ ਤੇ ਪਰ ਹੈਂ॥
ਕਰੁਣਾਕਰ ਹੈਂ॥੧੭੬॥

ਅਜਪਾ ਜਪ ਹੈਂ॥ ਅਥਪਾ ਥਪ ਹੈਂ॥
ਅਕ੍ਰਿਤਾ ਕ੍ਰਿਤਿ ਹੈਂ॥
ਅਮ੍ਰਿਤਾ ਮ੍ਰਿਤ ਹੈਂ॥੧੭੭॥
ਅੰਮ੍ਰਿਤਾ ਮ੍ਰਿਤ ਹੈਂ॥ ਕਰੁਣਾ ਕ੍ਰਿਤ ਹੈਂ॥
ਅਕ੍ਰਿਤਾ ਕ੍ਰਿਤ ਹੈਂ॥
ਧਰਣੀ ਧ੍ਰਿਤ ਹੈਂ॥੧੭੮॥
ਅਮਿਤੇਸ੍ਵਰ ਹੈਂ॥ ਪਰਮੇਸ੍ਵਰ ਹੈਂ॥
ਅਕ੍ਰਿਤਾ ਕ੍ਰਿਤ ਹੈਂ॥
ਅਮ੍ਰਿਤਾ ਮ੍ਰਿਤ ਹੈਂ॥੧੭੯॥
ਅਜਬਾ ਕ੍ਰਿਤ ਹੈਂ॥ ਅਮ੍ਰਿਤਾ ਮ੍ਰਿਤ ਹੈਂ॥
ਨਰ ਨਾਇਕ ਹੈਂ॥
ਖਲ ਘਾਇਕ ਹੈਂ॥੧੮੦॥
ਬਿਸ੍ਵੰਭਰ ਹੈਂ॥ ਕਰੁਣਾਲਯ ਹੈਂ॥
ਨ੍ਰਿਪ ਨਾਇਕ ਹੈਂ॥
ਸਰਬ ਪਾਇਕ ਹੈਂ॥੧੮੧॥

ਭਵ ਭੰਜਨ ਹੈਂ॥ ਅਰ ਗੰਜਨ ਹੈਂ॥
ਰਿਪ ਤਾਪਨ ਹੈਂ॥
ਜਪ ਜਾਪਨ ਹੈਂ॥੧੯੨॥
ਅਕਲੰ ਕ੍ਰਿਤ ਹੈਂ॥ ਸਰਬਾ ਕ੍ਰਿਤ ਹੈਂ॥
ਕਰਤਾ ਕਰ ਹੈਂ॥
ਹਰਤਾ ਹਰਿ ਹੈਂ॥੧੯੩॥
ਪਰਮਾਤਮ ਹੈਂ॥ ਸਰਬ ਆਤਮ ਹੈਂ॥
ਆਤਮ ਬਸ ਹੈਂ॥
ਜਸ ਕੇ ਜਸ ਹੈਂ॥੧੯੪॥

ਭੁਜੰਗ ਪ੍ਰਯਾਤ ਛੰਦ॥

ਨਮੋ ਸੂਰਜ ਸੂਰਜੇ ਨਮੋ ਚੰਦ੍ਰ ਚੰਦ੍ਰੇ॥
ਨਮੋ ਰਾਜ ਰਾਜੇ ਨਮੋ ਇੰਦ੍ਰ ਇੰਦ੍ਰੇ॥
ਨਮੋ ਅੰਧਕਾਰੇ ਨਮੋ ਤੇਜ ਤੇਜੇ॥
ਨਮੋ ਬ੍ਰਿੰਦ ਬ੍ਰਿੰਦੇ ਨਮੋ ਬੀਜ ਬੀਜੇ॥੧੯੫॥
ਨਮੋ ਰਾਜਸੰ ਤਾਮਸੰ ਸਾਂਤ ਰੂਪੇ॥

ਨਮੋ ਪਰਮ ਤਤੰ ਅਤਤੰ ਸਰੂਪੇ॥
ਨਮੋ ਜੋਗ ਜੋਗੇ ਨਮੋ ਗਿਆਨ ਗਿਆਨੇ॥
ਨਮੋ ਮੰਤ੍ਰ ਮੰਤ੍ਰੇ ਨਮੋ ਧਿਆਨ ਧਿਆਨੇ॥੧੮੬॥
ਨਮੋ ਜੁਧ ਜੁਧੇ ਨਮੋ ਗਿਆਨ ਗਿਆਨੇ॥
ਨਮੋ ਭੋਜ ਭੋਜੇ ਨਮੋ ਪਾਨ ਪਾਨੇ॥
ਨਮੋ ਕਲਹ ਕਰਤਾ ਨਮੋ ਸਾਂਤ ਰੂਪੇ॥
ਨਮੋ ਇੰਦ੍ਰ ਇੰਦ੍ਰੇ ਅਨਾਦੰ ਬਿਭੂਤੇ॥੧੮੭॥
ਕਲੰਕਾਰ ਰੂਪੇ ਅਲੰਕਾਰ ਅਲੰਕੇ॥
ਨਮੋ ਆਸ ਆਸੇ ਨਮੋ ਬਾਂਕ ਬੰਕੇ॥
ਅਭੰਗੀ ਸਰੂਪੇ ਅਨੰਗੀ ਅਨਾਮੇ॥
ਤ੍ਰਿਭੰਗੀ ਤ੍ਰਿਕਾਲੇ ਅਨੰਗੀ ਅਕਾਮੇ॥੧੮੮॥

ਏਕ ਅਛਰੀ ਛੰਦ॥

ਅਜੈ॥ ਅਲੈ॥ ਅਭੈ॥ ਅਬੈ॥੧੮੯॥
ਅਭੂ॥ ਅਜੂ॥ ਅਨਾਸ॥ ਅਕਾਸ॥੧੯੦॥
ਅਗੰਜ॥ ਅਭੰਜ॥ ਅਲਖ॥ ਅਭਖ॥੧੯੧॥

ਅਕਾਲ॥ ਦਿਆਲ॥ ਅਲੇਖ॥ ਅਭੇਖ॥੧੯੨॥

ਅਨਾਮ॥ ਅਕਾਮ॥ ਅਗਾਹ॥ ਅਢਾਹ॥੧੯੩॥

ਅਨਾਥੇ॥ ਪ੍ਰਮਾਥੇ॥ ਅਜੋਨੀ॥ ਅਮੋਨੀ॥੧੯੪॥

ਨ ਰਾਗੇ॥ ਨ ਰੰਗੇ॥ ਨ ਰੂਪੇ॥ ਨ ਰੇਖੇ॥੧੯੫॥

ਅਕਰਮੰ॥ ਅਭਰਮੰ॥ ਅਗੰਜੇ॥ ਅਲੇਖੇ॥੧੯੬॥

ਭੁਜੰਗ ਪ੍ਰਯਾਤ ਛੰਦ॥

ਨਮਸਤੁਲ ਪ੍ਰਣਾਮੇ ਸਮਸਤੁਲ ਪ੍ਰਣਾਸੇ॥
ਅਗੰਜੁਲ ਅਨਾਮੇ ਸਮਸਤੁਲ ਨਿਵਾਸੇ॥
ਨ੍ਰਿਕਾਮੰ ਬਿਭੂਤੇ ਸਮਸਤੁਲ ਸਰੂਪੇ॥
ਕੁਕਰਮੰ ਪ੍ਰਣਾਸੀ ਸੁਧਰਮੰ ਬਿਭੂਤੇ॥੧੯੭॥
ਸਦਾ ਸਚਦਾਨੰਦ ਸਤ੍ਰੰ ਪ੍ਰਣਾਸੀ॥
ਕਰੀਮੁਲ ਕੁਨਿੰਦਾ ਸਮਸਤੁਲ ਨਿਵਾਸੀ॥
ਅਜਾਇਬ ਬਿਭੂਤੇ ਗਜਾਇਬ ਗਨੀਮੇ॥
ਹਰੀਅੰ ਕਰੀਅੰ ਕਰੀਮੁਲ ਰਹੀਮੇ॥੧੯੮॥
ਚੱਤ੍ਰ ਚੱਕ੍ਰ ਵਰਤੀ ਚੱਤ੍ਰ ਚੱਕ੍ਰ ਭੁਗਤੇ॥

ਸੁਯੰਭਵ ਸੁਭੰ ਸਰਬ ਦਾ ਸਰਬ ਜੁਗਤੇ॥
ਦੁਕਾਲੰ ਪ੍ਰਣਾਸੀ ਦਇਆਲੰ ਸਰੂਪੇ॥
ਸਦਾ ਅੰਗ ਸੰਗੇ ਅਭੰਗੰ ਬਿਭੂਤੇ॥੧੯੯॥

# ਤ੍ਵ ਪ੍ਰਸਾਦਿ ਸ੍ਵਯੇ

ੴ ਸਤਿਗੁਰ ਪ੍ਰਸਾਦਿ॥

॥ਪਾਤਸਾਹੀ ੧੦॥ ਤ੍ਵ ਪ੍ਰਸਾਦਿ॥

॥ਸ੍ਵਯੇ॥

॥ਸ੍ਰਾਵਗ ਸੁਧ ਸਮੂਹ ਸਿਧਾਨ ਕੇ
ਦੇਖਿ ਫਿਰਿਓ ਘਰ ਜੋਗ ਜਤੀ ਕੇ॥
ਸੂਰ ਸੁਰਾਰਦਨ ਸੁੱਧ ਸੁੱਧਾਦਿਕ
ਸੰਤ ਸਮੂਹ ਅਨੇਕ ਮਤੀ ਕੇ॥
ਸਾਰੇ ਹੀ ਦੇਸ ਕੋ ਦੇਖਿ ਰਹਿਓ ਮਤ
ਕੋਊ ਨ ਦੇਖੀਅਤ ਪ੍ਰਾਨਪਤੀ ਕੇ॥
ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂੰ ਤੇ
ਏਕ ਰਤੀ ਬਿਨੁ ਏਕ ਰਤੀ ਕੇ॥੧॥੨੧॥

ਮਾਤੇ ਮਤੰਗ ਜਰੇ ਜਰ ਸੰਗਿ

ਅਨੂਪ ਉਤੰਗ ਸੁਰੰਗ ਸਵਾਰੇ॥
ਕੋਟ ਤੁਰੰਗ ਕੁਰੰਗ ਸੇ ਕੂਦਤ
ਪੌਨ ਕੇ ਗਉਨ ਕਉ ਜਾਤ ਨਿਵਾਰੇ॥
ਭਾਰੀ ਭੁਜਾਨ ਕੇ ਭੂਪ ਭਲੀ ਬਿਧਿ
ਨਿਆਵਤ ਸੀਸ ਨ ਜਾਤ ਬਿਚਾਰੇ॥
ਏਤੇ ਭਏ ਤੋ ਕਹਾ ਭਏ ਭੂਪਤ
ਅੰਤ ਕੌ ਨਾਗੇ ਹੀ ਪਾਇ ਪਧਾਰੇ॥੨॥੨੨॥
ਜੀਤ ਫਿਰੈ ਸਭ ਦੇਸ ਦਿਸਾਨ ਕੋ
ਬਾਜਤ ਢੋਲ ਮ੍ਰਿਦੰਗ ਨਗਾਰੇ॥
ਗੁੰਜਤ ਗੂੜ ਗਜਾਨ ਕੇ ਸੁੰਦਰ
ਹਿੰਸਤ ਹੀ ਹਯਰਾਜ ਹਜਾਰੇ॥
ਭੂਤ ਭਵਿਖ ਭਵਾਨ ਕੇ ਭੂਪਤ
ਕਉਨ ਗਨੈ ਨਹੀ ਜਾਤ ਬਿਚਾਰੇ॥
ਸ੍ਰੀ ਪਤ ਸ੍ਰੀ ਭਗਵਾਨ ਭਜੇ ਬਿਨੁ
ਅੰਤ ਕਉ ਅੰਤਕੇ ਧਾਮ ਸਿਧਾਰੇ॥੩॥੨੩॥

ਤੀਰਥ ਨ੍ਹਾਨ ਦਇਆ ਦਮ ਦਾਨ
ਸੁ ਸੰਜਮ ਨੇਮ ਅਨੇਕ ਬਿਸੇਖੈ॥
ਬੇਦ ਪੁਰਾਨ ਕਤੇਬ ਕੁਰਾਨ
ਜਿਮੀਨ ਜਮਾਨ ਸਬਾਨ ਕੇ ਪੇਖੈ॥
ਪਉਨ ਅਹਾਰ ਜਤੀ ਜਤ ਧਾਰ
ਸਬੈ ਸੁ ਬਿਚਾਰ ਹਜਾਰਕ ਦੇਖੈ॥
ਸ੍ਰੀ ਭਗਵਾਨ ਭਜੇ ਬਿਨੁ ਭੂਪਤਿ
ਏਕ ਰਤੀ ਬਿਨੁ ਏਕ ਨ ਲੇਖੈ॥੪॥੨੪॥
ਸੁਧ ਸਿਪਾਹ ਦੁਰੰਤ ਦੁਬਾਹ
ਸੁ ਸਾਜਿ ਸਨਾਹ ਦੁਰਜਾਨ ਦਲੈਗੇ॥
ਭਾਰੀ ਗੁਮਾਨ ਭਰੇ ਮਨ ਮੈ
ਕਰ ਪਰਬਤ ਪੰਖ ਹਲੇ ਨ ਹਲੈਗੇ॥
ਤੋਰ ਅਰੀਨ ਮਰੋਰ ਮਵਾਸਨ
ਮਾਤੇ ਮਤੰਗਨ ਮਾਨ ਮਲੈਗੇ॥
ਸ੍ਰੀ ਪਤ ਸ੍ਰੀ ਭਗਵਾਨ ਕ੍ਰਿਪਾ ਬਿਨੁ

ਤਿਆਗ ਜਹਾਨੁ ਨਿਦਾਨ ਚਲੈਗੇ॥੫॥੨੫॥

ਬੀਰ ਅਪਾਰ ਬਡੇ ਬਰਿਆਰ

ਅਬਿਚਾਰਹਿ ਸਾਰ ਕੀ ਧਾਰ ਭਛੱਯਾ॥

ਤੋਰਤ ਦੇਸ ਮਲਿੰਦ ਮਵਾਸਨ

ਮਾਤੇ ਗਜਾਨ ਕੇ ਮਾਨ ਮਲੱਯਾ॥

ਗਾੜ੍ਹੇ ਗੜ੍ਹਾਨ ਕੇ ਤੋੜਨਹਾਰ

ਸੁ ਬਾਤਨ ਹੀ ਚਕ ਚਾਰ ਲਵੱਯਾ॥

ਸਾਹਿਬ ਸ੍ਰੀ ਸਭ ਕੋ ਸਿਰਨਾਇਕ

ਜਾਚਿਕ ਅਨੇਕ ਸੁ ਏਕ ਦਿਵੱਯਾ॥੬॥੨੬॥

ਦਾਨਵ ਦੇਵ ਫਨਿੰਦ ਨਿਸਾਚਰ

ਭੂਤ ਭਵਿੱਖ ਭਵਾਨ ਜਪੈਗੇ॥

ਜੀਵ ਜਿਤੇ ਜਲ ਮੈ ਥਲ ਮੈ

ਪਲ ਹੀ ਪਲ ਮੈ ਸਭ ਥਾਪ ਥਪੈਗੇ॥

ਪੁੰਨ ਪ੍ਰਤਾਪਨ ਬਾਢ ਜੈਤ ਧੁਨ

ਪਾਪਨ ਕੇ ਬਹੁ ਪੁੰਜ ਖਪੈਗੇ॥

ਸਾਧ ਸਮੂਹ ਪ੍ਰਸੰਨ ਫਿਰੈ ਜਗ
ਸੱਤ੍ਰ ਸਭੈ ਅਵਲੋਕ ਚਪੈਗੇ॥੭॥੨੭॥
ਮਾਨਵ ਇੰਦ੍ਰ ਗਜਿੰਦ੍ਰ ਨਰਾਧਪ
ਜੌਨ ਤ੍ਰਿਲੋਕ ਕੋ ਰਾਜੁ ਕਰੈਗੇ॥
ਕੋਟਿ ਇਸਨਾਨ ਗਜਾਦਿਕ ਦਾਨ
ਅਨੇਕ ਸੁਅੰਬਰ ਸਾਜ ਬਰੈਗੇ॥
ਬ੍ਰਹਮ ਮਹੇਸਰ ਬਿਸਨ ਸਚੀਪਤ
ਅੰਤ ਫਸੇ ਜਮ ਫਾਸ ਪਰੈਗੇ॥
ਜੇ ਨਰ ਸ੍ਰੀ ਪਤਿ ਕੇ ਪ੍ਰਸ ਹੈ ਪਗ
ਤੇ ਨਰ ਫੇਰ ਨ ਦੇਹ ਧਰੈਗੇ॥੮॥੨੮॥
ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ
ਬੈਠਿ ਰਹਿਓ ਬਕ ਧਿਆਨ ਲਗਾਇਓ॥
ਨ੍ਹਾਤ ਫਿਰਿਓ ਲੀਏ ਸਾਤ ਸਮੁੰਦ੍ਰਨ
ਲੋਕ ਗਇਓ ਪਰਲੋਕ ਗਵਾਇਓ॥
ਬਾਸੁ ਕੀਓ ਬਿਖਿਆਨ ਸੋ ਬੈਠ ਕੈ

ਐਸੇ ਹੀ ਐਸੇ ਸੁ ਬੈਸ ਬਿਤਾਇਓ॥
ਸਾਚੁ ਕਹੌਂ ਸੁਨ ਲੇਹੁ ਸਭੈ
ਜਿਨ ਪ੍ਰੇਮੁ ਕੀਓ
ਤਿਨ ਹੀ ਪ੍ਰਭੁ ਪਾਇਓ॥੯॥੨੯॥
ਕਾਹੂ ਲੈ ਪਾਹਨ ਪੂਜ ਧਰਿਓ ਸਿਰ
ਕਾਹੂ ਲੈ ਲਿੰਗੁ ਗਰੇ ਲਟਕਾਇਓ॥
ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ
ਕਾਹੂ ਪਛਾਹ ਕੋ ਸੀਸ ਨਿਵਾਇਓ॥
ਕੋਊ ਬੁਤਾਨ ਕੋ ਪੂਜਤ ਹੈ ਪਸੁ
ਕੋਊ ਮ੍ਰਿਤਾਨ ਕੌ ਪੂਜਨ ਧਾਇਓ॥
ਕੂਰ ਕ੍ਰਿਆ ਉਰਝਿਓ ਸਭ ਹੀ ਜਗੁ
ਸ੍ਰੀ ਭਗਵਾਨ ਕੋ ਭੇਦੁ ਨ ਪਾਇਓ॥੧੦॥੩੦॥

# ਚੌਪਈ ਸਾਹਿਬ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

ਪਾਤਸਾਹੀ ੧੦॥

ਕਬਜੋ ਬਾਚ ਬੇਨਤੀ॥ਚੌਪਈ॥

ਹਮਰੀ ਕਰੋ ਹਾਥ ਦੈ ਰੱਛਾ॥
ਪੂਰਨ ਹੋਇ ਚਿੱਤ ਕੀ ਇੱਛਾ॥
ਤਵ ਚਰਨਨ ਮਨ ਰਹੈ ਹਮਾਰਾ॥
ਅਪਨਾ ਜਾਨ ਕਰੋ ਪ੍ਰਤਿਪਾਰਾ॥੧॥
ਹਮਰੇ ਦੁਸਟ ਸਭੈ ਤੁਮ ਘਾਵਹੁ॥
ਆਪੁ ਹਾਥ ਦੈ ਮੋਹਿ ਬਚਾਵਹੁ॥
ਸੁਖੀ ਬਸੈ ਮੋਰੋ ਪਰਿਵਾਰਾ॥
ਸੇਵਕਿ ਸਿਖ੍ਯ ਸਭੈ ਕਰਤਾਰਾ॥੨॥
ਮੋ ਰੱਛਾ ਨਿਜੁ ਕਰ ਦੈ ਕਰਿਯੈ॥

ਸਭ ਬੈਰਿਨ ਕੌ ਆਜ ਸੰਘਰਿਯੈ॥

ਪੂਰਨ ਹੋਇ ਹਮਾਰੀ ਆਸਾ॥

ਤੋਰਿ ਭਜਨ ਕੀ ਰਹੈ ਪ੍ਯਾਸਾ॥੩॥

ਤੁਮਹਿ ਛਾਡਿ ਕੋਈ ਅਵਰ ਨ ਧ੍ਯਾਊਂ॥

ਜੋ ਬਰ ਚਾਹੌਂ ਸੁ ਤੁਮ ਤੇ ਪਾਊਂ॥

ਸੇਵਕ ਸਿੱਖ੍ਯ ਹਮਾਰੇ ਤਾਰਿਯਹਿ॥

ਚੁਨਿ ਚੁਨਿ ਸੱਤ੍ਰੁ ਹਮਾਰੇ ਮਾਰਿਯਹਿ॥੪॥

ਆਪੁ ਹਾਥ ਦੈ ਮੁਝੈ ਉਬਰਿਯੈ॥

ਮਰਨ ਕਾਲ ਕਾ ਤ੍ਰਾਸ ਨਿਵਰਿਯੈ॥

ਹੂਜੋ ਸਦਾ ਹਮਾਰੇ ਪੱਛਾ॥

ਸ੍ਰੀ ਅਸਿਧੁਜ ਜੂ ਕਰਿਯਹੁ ਰੱਛਾ॥੫॥

ਰਾਖਿ ਲੇਹੁ ਮੁਹਿ ਰਾਖਨਹਾਰੇ॥

ਸਾਹਿਬ ਸੰਤ ਸਹਾਇ ਪ੍ਯਾਰੇ॥

ਦੀਨ ਬੰਧ ਦੁਸਟਨ ਕੇ ਹੰਤਾ॥

ਤੁਮਹੋ ਪੁਰੀ ਚਤੁਰ ਦਸ ਕੰਤਾ॥੬॥

ਕਾਲ ਪਾਇ ਬ੍ਰਹਮਾ ਬਪੁ ਧਰਾ॥
ਕਾਲ ਪਾਇ ਸਿਵਜੂ ਅਵਤਰਾ॥
ਕਾਲ ਪਾਇ ਕਰਿ ਬਿਸਨ ਪ੍ਰਕਾਸਾ॥
ਸਕਲ ਕਾਲ ਕਾ ਕਿਯਾ ਤਮਾਸਾ॥੭॥
ਜਵਨ ਕਾਲ ਜੋਗੀ ਸਿਵ ਕੀਯੋ॥
ਬੇਦ ਰਾਜ ਬ੍ਰਹਮਾ ਜੂ ਥੀਯੋ॥
ਜਵਨ ਕਾਲ ਸਭ ਲੋਕ ਸਵਾਰਾ॥
ਨਮਸਕਾਰ ਹੈ ਤਾਹਿ ਹਮਾਰਾ॥੮॥
ਜਵਨ ਕਾਲ ਸਭ ਜਗਤ ਬਨਾਯੋ॥
ਦੇਵ ਦੈਤ ਜੱਛਨ ਉਪਜਾਯੋ॥
ਆਦਿ ਅੰਤਿ ਏਕੈ ਅਵਤਾਰਾ॥
ਸੋਈ ਗੁਰੂ ਸਮਝਿਯਹੁ ਹਮਾਰਾ॥੯॥
ਨਮਸਕਾਰ ਤਿਸਹੀ ਕੋ ਹਮਾਰੀ॥
ਸਕਲ ਪ੍ਰਜਾ ਜਿਨ ਆਪ ਸਵਾਰੀ॥
ਸਿਵਕਨ ਕੋ ਸਵ ਗੁਨ ਸੁਖ ਦੀਯੋ॥

ਸਤ੍ਰੁਨ ਕੋ ਪਲ ਮੋ ਬਧ ਕੀਯੋ॥੧੦॥
ਘਟ ਘਟ ਕੇ ਅੰਤਰ ਕੀ ਜਾਨਤ॥
ਭਲੇ ਬੁਰੇ ਕੀ ਪੀਰ ਪਛਾਨਤ॥
ਚੀਟੀ ਤੇ ਕੁੰਚਰ ਅਸਥੂਲਾ॥
ਸਭ ਪਰ ਕ੍ਰਿਪਾ ਦ੍ਰਿਸਟਿ ਕਰਿ ਫੂਲਾ॥੧੧॥
ਸੰਤਨ ਦੁਖ ਪਾਏ ਤੇ ਦੁਖੀ॥
ਸੁਖ ਪਾਏ ਸਾਧਨ ਕੇ ਸੁਖੀ॥
ਏਕ ਏਕ ਕੀ ਪੀਰ ਪਛਾਨੈ॥
ਘਟ ਘਟ ਕੇ ਪਟ ਪਟ ਕੀ ਜਾਨੈ॥੧੨॥
ਜਬ ਉਦਕਰਖ ਕਰਾ ਕਰਤਾਰਾ॥
ਪ੍ਰਜਾ ਧਰਤ ਤਬ ਦੇਹ ਅਪਾਰਾ॥
ਜਬ ਆਕਰਖ ਕਰਤ ਹੋ ਕਬਹੂੰ॥
ਤੁਮ ਮੈ ਮਿਲਤ ਦੇਹ ਧਰ ਸਭਹੂੰ॥੧੩॥
ਜੇਤੇ ਬਦਨ ਸ੍ਰਿਸਟਿ ਸਭ ਧਾਰੈ॥
ਆਪੁ ਆਪਨੀ ਬੂਝਿ ਉਚਾਰੈ॥

ਤੁਮ ਸਭਹੀ ਤੇ ਰਹਤ ਨਿਰਾਲਮ॥
ਜਾਨਤ ਬੇਦ ਭੇਦ ਅਰ ਆਲਮ॥੧੪॥
ਨਿਰੰਕਾਰ ਨ੍ਰਿਬਿਕਾਰ ਨ੍ਰਿਲੰਭ॥
ਆਦਿ ਅਨੀਲ ਅਨਾਦਿ ਅਸੰਭ॥
ਤਾ ਕਾ ਮੂੜ੍ਹ ਉਚਾਰਤ ਭੇਦਾ॥
ਜਾ ਕੋ ਭੇਵ ਨ ਪਾਵਤ ਬੇਦਾ॥੧੫॥
ਤਾ ਕੌ ਕਰਿ ਪਾਹਨ ਅਨੁਮਾਨਤ॥
ਮਹਾ ਮੂੜ੍ਹ ਕਛੁ ਭੇਦ ਨ ਜਾਨਤ॥
ਮਹਾਂਦੇਵ ਕੌ ਕਹਤ ਸਦਾ ਸਿਵ॥
ਨਿਰੰਕਾਰ ਕਾ ਚੀਨਤ ਨਹਿ ਭਿਵ॥੧੬॥
ਆਪੁ ਆਪੁਨੀ ਬੁਧਿ ਹੈ ਜੇਤੀ॥
ਬਰਨਤ ਭਿੰਨ ਭਿੰਨ ਤੁਹਿ ਤੇਤੀ॥
ਤੁਮਰਾ ਲਖਾ ਨ ਜਾਇ ਪਸਾਰਾ॥
ਕਿਹੱ ਬਿਧਿ ਸਜਾ ਪ੍ਰਥਮ ਸੰਸਾਰਾ॥੧੭॥
ਏਕੈ ਰੂਪ ਅਨੂਪ ਸਰੂਪਾ॥

ਰੰਕ ਭਯੋ ਰਾਵ ਕਹੀ ਭੂਪਾ॥
ਅੰਡਜ ਜੇਰਜ ਸੇਤਜ ਕੀਨੀ॥
ਉਤਭੁਜ ਖਾਨਿ ਬਹੁਰਿ ਰਚਿ ਦੀਨੀ॥੧੮॥
ਕਹੂੰ ਫੂਲਿ ਰਾਜਾ ਹ੍ਵੈ ਬੈਠਾ॥
ਕਹੂੰ ਸਿਮਟਿ ਭਯੋ ਸੰਕਰ ਇਕੈਠਾ॥
ਸਿਗਰੀ ਸ੍ਰਿਸਟਿ ਦਿਖਾਇ ਅਚੰਭਵ॥
ਆਦਿ ਜੁਗਾਦਿ ਸਰੂਪ ਸੁਯੰਭਵ॥੧੯॥
ਅਬ ਰੱਛਾ ਮੇਰੀ ਤੁਮ ਕਰੋ॥
ਸਿੱਖ੍ਯ ਉਬਾਰਿ ਅਸਿੱਖ੍ਯ ਸੰਘਰੋ॥
ਦੁਸਟ ਜਿਤੇ ਉਠਵਤ ਉਤਪਾਤਾ॥
ਸਕਲ ਮਲੇਛ ਕਰੋ ਰਣ ਘਾਤਾ॥੨੦॥
ਜੇ ਅਸਿਧੁਜ ਤਵ ਸਰਨੀ ਪਰੇ॥
ਤਿਨ ਕੇ ਦੁਸਟ ਦੁਖਿਤ ਹ੍ਵੈ ਮਰੇ॥
ਪੁਰਖ ਜਵਨ ਪਗੁ ਪਰੇ ਤਿਹਾਰੇ॥
ਤਿਨ ਕੇ ਤੁਮ ਸੰਕਟ ਸਭ ਟਾਰੇ॥੨੧॥

ਜੋ ਕਲਿ ਕੌ ਇਕ ਬਾਰ ਧਿਐ ਹੈ॥
ਤਾ ਕੇ ਕਾਲ ਨਿਕਟ ਨਹਿ ਐਹੈ॥
ਰੱਛਾ ਹੋਇ ਤਾਹਿ ਸਭ ਕਾਲਾ॥
ਦੁਸਟ ਅਰਿਸਟ ਟਰੇ ਤਤਕਾਲਾ॥੨੨॥
ਕ੍ਰਿਪਾ ਦ੍ਰਿਸਟਿ ਤਨ ਜਾਂਹਿ ਨਿਹਰਿਹੋ॥
ਤਾ ਕੇ ਤਾਪ ਤਨਿਕ ਮਹਿ ਹਰਿਹੋ॥
ਰਿੱਧਿ ਸਿੱਧਿ ਘਰ ਮੋਂ ਸਭ ਹੋਈ॥
ਦੁਸਟ ਛਾਹ ਛ੍ਵੈ ਸਕੈ ਨ ਕੋਈ॥੨੩॥
ਏਕ ਬਾਰ ਜਿਨ ਤੁਮੈਂ ਸੰਭਾਰਾ॥
ਕਾਲ ਫਾਂਸ ਤੇ ਤਾਹਿ ਉਬਾਰਾ॥
ਜਿਨ ਨਰ ਨਾਮ ਤਿਹਾਰੋ ਕਹਾ॥
ਦਾਰਿਦ ਦੁਸਟ ਦੋਖ ਤੇ ਰਹਾ॥੨੪॥
ਖੜਗਕੇਤ ਮੈਂ ਸਰਨਿ ਤਿਹਾਰੀ॥
ਆਪੁ ਹਾਥ ਦੈ ਲੇਹੁ ਉਬਾਰੀ॥
ਸਰਬ ਠੌਰ ਮੋ ਹੋਹੁ ਸਹਾਈ॥

ਦੁਸਟ ਦੋਖ ਤੇ ਲੇਹੁ ਬਚਾਈ॥੨੫॥
ਕ੍ਰਿਪਾ ਕਰੀ ਹਮ ਪਰ ਜਗ ਮਾਤਾ॥
ਗ੍ਰੰਥ ਕਰਾ ਪੂਰਨ ਸੁਭ ਰਾਤਾ॥
ਕਿਲਬਿਖ ਸਕਲ ਦੇਹ ਕੋ ਹਰਤਾ॥
ਦੁਸਟ ਦੋਖਿਯਨ ਕੋ ਛੈ ਕਰਤਾ॥੨੬॥
ਸ੍ਰੀ ਅਸਿਧੁਜ ਜਬ ਭਏ ਦਿਆਲਾ॥
ਪੂਰਨ ਕਰਾ ਗ੍ਰੰਥ ਤਤਕਾਲਾ॥
ਮਨ ਬਾਂਛਤ ਫਲ ਪਾਵੈ ਸੋਈ॥
ਦੂਖ ਨ ਤਿਸੈ ਬਿਆਪਤ ਕੋਈ॥੨੭॥

ਅੜਿਲ॥

ਸੁਨੈ ਗੁੰਗ ਜੋ ਯਾਹਿ
ਸੁ ਰਸਨਾ ਪਾਵਈ॥
ਸੁਨੈ ਮੂੜ ਚਿਤ ਲਾਇ
ਚਤੁਰਤਾ ਆਵਈ॥
ਦੂਖ ਦਰਦ ਭੌ

ਨਿਕਟ ਨ ਤਿਨ ਨਰ ਕੇ ਰਹੈ॥
ਹੋ ਜੋ ਯਾ ਕੀ
ਏਕ ਬਾਰ ਚੌਪਈ ਕੋ ਕਹੈ॥੨੮॥

ਚੌਪਈ॥

ਸੰਬਤ ਸੱਤ੍ਰਹ ਸਹਸ ਭਣਿੱਜੈ॥
ਅਰਧ ਸਹਸ ਫੁਨਿ ਤੀਨਿ ਕਹਿੱਜੈ॥
ਭਾਦ੍ਰਵ ਸੁਦੀ ਅਸਟਮੀ ਰਵਿ ਵਾਰਾ॥
ਤੀਰ ਸਤਦ੍ਰਵ ਗ੍ਰੰਥ ਸੁਧਾਰਾ॥੨੯॥

ਸ੍ਵੈਯਾ॥

ਪਾਇ ਗਹੇ ਜਬ ਤੇ ਤੁਮਰੇ
ਤਬ ਤੇ ਕੋਊ ਆਖ ਤਰੇ ਨਹੀ ਆਨਯੋ॥
ਰਾਮ ਰਹੀਮ ਪੁਰਾਨ ਕੁਰਾਨ
ਅਨੇਕ ਕਹੈਂ ਮਤ ਏਕ ਨ ਮਾਨਯੋ॥
ਸਿੰਮ੍ਰਿਤਿ ਸਾਸਤ੍ਰ ਬੇਦ ਸਬੈ
ਬਹੁ ਭੇਦ ਕਹੈ ਹਮ ਏਕ ਨ ਜਾਨਯੋ॥

ਸ੍ਰੀ ਅਸਪਾਨ ਕ੍ਰਿਪਾ ਤੁਮਰੀ ਕਰਿ
ਮੈ ਨ ਕਹਯੋ ਸਭ ਤੋਹਿ ਬਖਾਨਯੋ॥੧॥੯੬੩॥

ਦੋਹਰਾ॥

ਸਗਲ ਦੁਆਰ ਕਉ ਛਾਡਿ ਕੈ
ਗਹਯੋ ਤੁਹਾਰੋ ਦੁਆਰ॥
ਬਾਂਹਿ ਗਹੇ ਕੀ ਲਾਜ ਅਸ
ਗੋਬਿੰਦ ਦਾਸ ਤੁਹਾਰ॥੨॥੯੬੪॥

# ਅਨੰਦੁ ਸਾਹਿਬ

## ਰਾਮਕਲੀ ਮਹਲਾ ੩ ਅਨੰਦੁ

## ੴ ਸਤਿਗੁਰ ਪ੍ਰਸਾਦਿ॥

ਅਨੰਦੁ ਭਇਆ ਮੇਰੀ ਮਾਏ
ਸਤਿਗੁਰੂ ਮੈ ਪਾਇਆ॥
ਸਤਿਗੁਰੁ ਤ ਪਾਇਆ ਸਹਜ ਸੇਤੀ
ਮਨਿ ਵਜੀਆ ਵਾਧਾਈਆ॥
ਰਾਗ ਰਤਨ ਪਰਵਾਰ ਪਰੀਆ
ਸਬਦ ਗਾਵਣ ਆਈਆ॥
ਸਬਦੋ ਤ ਗਾਵਹੁ ਹਰੀ ਕੇਰਾ
ਮਨਿ ਜਿਨੀ ਵਸਾਇਆ॥
ਕਹੈ ਨਾਨਕੁ ਅਨੰਦੁ ਹੋਆ
ਸਤਿਗੁਰੂ ਮੈ ਪਾਇਆ ॥੧॥

ਏ ਮਨ ਮੇਰਿਆ

ਤੂ ਸਦਾ ਰਹੁ ਹਰਿ ਨਾਲੇ ॥

ਹਰਿ ਨਾਲਿ ਰਹੁ ਤੂ ਮੰਨ ਮੇਰੇ

ਦੂਖ ਸਭਿ ਵਿਸਾਰਣਾ ॥

ਅੰਗੀਕਾਰੁ ਓਹੁ ਕਰੇ ਤੇਰਾ

ਕਾਰਜ ਸਭਿ ਸਵਾਰਣਾ ॥

ਸਭਨਾ ਗਲਾ ਸਮਰਥੁ ਸੁਆਮੀ

ਸੋ ਕਿਉ ਮਨਹੁ ਵਿਸਾਰੇ ॥

ਕਹੈ ਨਾਨਕੁ ਮੰਨ ਮੇਰੇ

ਸਦਾ ਰਹੁ ਹਰਿ ਨਾਲੇ ॥੨॥

ਸਾਚੇ ਸਾਹਿਬਾ

ਕਿਆ ਨਾਹੀ ਘਰਿ ਤੇਰੈ ॥

ਘਰਿ ਤ ਤੇਰੈ ਸਭੁ ਕਿਛੁ ਹੈ

ਜਿਸੁ ਦੇਹਿ ਸੁ ਪਾਵਏ ॥

ਸਦਾ ਸਿਫਤਿ ਸਲਾਹ ਤੇਰੀ

ਨਾਮੁ ਮਨਿ ਵਸਾਵਏ ॥

ਨਾਮੁ ਜਿਨ ਕੈ ਮਨਿ ਵਸਿਆ

ਵਾਜੇ ਸਬਦ ਘਨੇਰੇ ॥

ਕਹੈ ਨਾਨਕੁ ਸਚੇ ਸਾਹਿਬ

ਕਿਆ ਨਾਹੀ ਘਰਿ ਤੇਰੈ ॥੩॥

ਸਾਚਾ ਨਾਮੁ ਮੇਰਾ ਆਧਾਰੋ ॥

ਸਾਚੁ ਨਾਮੁ ਅਧਾਰੁ ਮੇਰਾ

ਜਿਨਿ ਭੁਖਾ ਸਭਿ ਗਵਾਈਆ ॥

ਕਰਿ ਸਾਂਤਿ ਸੁਖ ਮਨਿ ਆਇ ਵਸਿਆ

ਜਿਨਿ ਇਛਾ ਸਭਿ ਪੁਜਾਈਆ ॥

ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ

ਜਿਸ ਦੀਆ ਏਹਿ ਵਡਿਆਈਆ॥

ਕਹੈ ਨਾਨਕੁ ਸੁਣਹੁ ਸੰਤਹੁ

ਸਬਦਿ ਧਰਹੁ ਪਿਆਰੋ॥

ਸਾਚਾ ਨਾਮੁ ਮੇਰਾ ਆਧਾਰੋ॥੪॥

ਵਾਜੇ ਪੰਚ ਸਬਦ
ਤਿਤੁ ਘਰਿ ਸਭਾਗੈ॥
ਘਰਿ ਸਭਾਗੈ ਸਬਦ ਵਾਜੇ
ਕਲਾ ਜਿਤੁ ਘਰਿ ਧਾਰੀਆ॥
ਪੰਚ ਦੂਤ ਤੁਧੁ ਵਸਿ ਕੀਤੇ
ਕਾਲੁ ਕੰਟਕੁ ਮਾਰਿਆ॥
ਧੁਰਿ ਕਰਮਿ ਪਾਇਆ ਤੁਧੁ ਜਿਨ ਕਉ
ਸਿ ਨਾਮਿ ਹਰਿ ਕੈ ਲਾਗੇ॥
ਕਹੈ ਨਾਨਕੁ ਤਹ ਸੁਖੁ ਹੋਆ
ਤਿਤੁ ਘਰਿ ਅਨਹਦ ਵਾਜੇ॥੫॥
ਸਾਚੀ ਲਿਵੈ ਬਿਨੁ ਦੇਹ ਨਿਮਾਣੀ॥
ਦੇਹ ਨਿਮਾਣੀ ਲਿਵੈ ਬਾਝਹੁ
ਕਿਆ ਕਰੇ ਵੇਚਾਰੀਆ ॥
ਤੁਧੁ ਬਾਝੁ ਸਮਰਥ ਕੋਇ ਨਾਹੀ
ਕ੍ਰਿਪਾ ਕਰਿ ਬਨਵਾਰੀਆ ॥

ਏਸ ਨਉ ਹੋਰੁ ਥਾਉ ਨਾਹੀ
ਸਬਦਿ ਲਾਗਿ ਸਵਾਰੀਆ ॥
ਕਹੈ ਨਾਨਕੁ ਲਿਵੈ ਬਾਝਹੁ
ਕਿਆ ਕਰੇ ਵੇਚਾਰੀਆ ॥੬॥
ਆਨੰਦੁ ਆਨੰਦੁ ਸਭੁ ਕੋ ਕਹੈ
ਆਨੰਦੁ ਗੁਰੂ ਤੇ ਜਾਣਿਆ ॥
ਜਾਣਿਆ ਆਨੰਦੁ ਸਦਾ ਗੁਰ ਤੇ
ਕ੍ਰਿਪਾ ਕਰੇ ਪਿਆਰਿਆ ॥
ਕਰਿ ਕਿਰਪਾ ਕਿਲਵਿਖ ਕਟੇ
ਗਿਆਨ ਅੰਜਨੁ ਸਾਰਿਆ ॥
ਅੰਦਰਹੁ ਜਿਨ ਕਾ ਮੋਹੁ ਤੁਟਾ
ਤਿਨ ਕਾ ਸਬਦੁ ਸਚੈ ਸਵਾਰਿਆ ॥
ਕਹੈ ਨਾਨਕੁ ਏਹੁ ਅਨੰਦੁ ਹੈ
ਆਨੰਦੁ ਗੁਰ ਤੇ ਜਾਣਿਆ ॥੭॥
ਬਾਬਾ ਜਿਸੁ ਤੂ ਦੇਹਿ

ਸੋਈ ਜਨੁ ਪਾਵੈ ॥
ਪਾਵੈ ਤ ਸੋ ਜਨੁ ਦੇਹਿ ਜਿਸਨੋ
ਹੋਰਿ ਕਿਆ ਕਰਹਿ ਵੇਚਾਰਿਆ ॥
ਇਕਿ ਭਰਮਿ ਭੂਲੇ ਫਿਰਹਿ ਦਹਦਿਸਿ
ਇਕਿ ਨਾਮਿ ਲਾਗਿ ਸਵਾਰਿਆ ॥
ਗੁਰ ਪਰਸਾਦੀ ਮਨੁ ਭਇਆ ਨਿਰਮਲੁ
ਜਿਨਾ ਭਾਣਾ ਭਾਵਏ ॥
ਕਹੈ ਨਾਨਕੁ ਜਿਸੁ ਦੇਹਿ ਪਿਆਰੇ
ਸੋਈ ਜਨੁ ਪਾਵਏ ॥੮॥
ਆਵਹੁ ਸੰਤ ਪਿਆਰਿਹੋ
ਅਕਥ ਕੀ ਕਰਹ ਕਹਾਣੀ ॥
ਕਰਹ ਕਹਾਣੀ ਅਕਥ ਕੇਰੀ
ਕਿਤੁ ਦੁਆਰੈ ਪਾਈਐ ॥
ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ
ਹੁਕਮਿ ਮੰਨਿਐ ਪਾਈਐ॥

ਹੁਕਮੁ ਮੰਨਿਹੁ ਗੁਰੂ ਕੇਰਾ
ਗਾਵਹੁ ਸਚੀ ਬਾਣੀ ॥
ਕਹੈ ਨਾਨਕੁ ਸੁਣਹੁ ਸੰਤਹੁ
ਕਥਿਹੁ ਅਕਥ ਕਹਾਣੀ ॥੯॥
ਏ ਮਨ ਚੰਚਲਾ
ਚਤੁਰਾਈ ਕਿਨੈ ਨ ਪਾਇਆ ॥
ਚਤੁਰਾਈ ਨ ਪਾਇਆ ਕਿਨੈ
ਤੂ ਸੁਣਿ ਮੰਨ ਮੇਰਿਆ ॥
ਏਹ ਮਾਇਆ ਮੋਹਣੀ
ਜਿਨਿ ਏਤੁ ਭਰਮਿ ਭੁਲਾਇਆ ॥
ਮਾਇਆ ਤ ਮੋਹਣੀ ਤਿਨੈ ਕੀਤੀ
ਜਿਨਿ ਠਗਉਲੀ ਪਾਈਆ ॥
ਕੁਰਬਾਣੁ ਕੀਤਾ ਤਿਸੈ ਵਿਟਹੁ
ਜਿਨਿ ਮੋਹੁ ਮੀਠਾ ਲਾਇਆ ॥
ਕਹੈ ਨਾਨਕੁ ਮਨ ਚੰਚਲ

ਹੁਕਮੁ ਮੰਨਿਹੁ ਗੁਰੂ ਕੇਰਾ
ਗਾਵਹੁ ਸਚੀ ਬਾਣੀ ॥
ਕਹੈ ਨਾਨਕੁ ਸੁਣਹੁ ਸੰਤਹੁ
ਕਥਿਹੁ ਅਕਥ ਕਹਾਣੀ ॥੯॥
ਏ ਮਨ ਚੰਚਲਾ
ਚਤੁਰਾਈ ਕਿਨੈ ਨ ਪਾਇਆ ॥
ਚਤੁਰਾਈ ਨ ਪਾਇਆ ਕਿਨੈ
ਤੂ ਸੁਣਿ ਮੰਨ ਮੇਰਿਆ ॥
ਏਹ ਮਾਇਆ ਮੋਹਣੀ
ਜਿਨਿ ਏਤੁ ਭਰਮਿ ਭੁਲਾਇਆ ॥
ਮਾਇਆ ਤ ਮੋਹਣੀ ਤਿਨੈ ਕੀਤੀ
ਜਿਨਿ ਠਗਉਲੀ ਪਾਈਆ ॥
ਕੁਰਬਾਣੁ ਕੀਤਾ ਤਿਸੈ ਵਿਟਹੁ
ਜਿਨਿ ਮੋਹੁ ਮੀਠਾ ਲਾਇਆ ॥
ਕਹੈ ਨਾਨਕੁ ਮਨ ਚੰਚਲ

ਚਤੁਰਾਈ ਕਿਨੈ ਨ ਪਾਇਆ ॥੧੦॥
ਏ ਮਨ ਪਿਆਰਿਆ
ਤੂ ਸਦਾ ਸਚੁ ਸਮਾਲੇ ॥
ਏਹੁ ਕੁਟੰਬੁ ਤੂ ਜਿ ਦੇਖਦਾ
ਚਲੈ ਨਾਹੀ ਤੇਰੈ ਨਾਲੇ ॥
ਸਾਥਿ ਤੇਰੈ ਚਲੈ ਨਾਹੀ
ਤਿਸੁ ਨਾਲਿ ਕਿਉ ਚਿਤੁ ਲਾਈਐ ॥
ਐਸਾ ਕੰਮੁ ਮੂਲੇ ਨ ਕੀਚੈ
ਜਿਤੁ ਅੰਤਿ ਪਛੋਤਾਈਐ ॥
ਸਤਿਗੁਰੂ ਕਾ ਉਪਦੇਸੁ ਸੁਣਿ ਤੂ
ਹੋਵੈ ਤੇਰੈ ਨਾਲੇ ॥
ਕਹੈ ਨਾਨਕੁ ਮਨ ਪਿਆਰੇ
ਤੂ ਸਦਾ ਸਚੁ ਸਮਾਲੇ ॥੧੧॥
ਅਗਮ ਅਗੋਚਰਾ
ਤੇਰਾ ਅੰਤੁ ਨ ਪਾਇਆ ॥

ਅੰਤੋ ਨ ਪਾਇਆ ਕਿਨੈ ਤੇਰਾ
ਆਪਣਾ ਆਪੁ ਤੂ ਜਾਣਹੇ ॥
ਜੀਅ ਜੰਤ ਸਭਿ ਖੇਲੁ ਤੇਰਾ
ਕਿਆ ਕੋ ਆਖਿ ਵਖਾਣਏ ॥
ਆਖਹਿ ਤ ਵੇਖਹਿ ਸਭੁ ਤੂਹੈ
ਜਿਨਿ ਜਗਤੁ ਉਪਾਇਆ ॥
ਕਹੈ ਨਾਨਕੁ ਤੂ ਸਦਾ ਅਗੰਮੁ ਹੈ
ਤੇਰਾ ਅੰਤੁ ਨ ਪਾਇਆ ॥੧੨॥
ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ
ਸੁ ਅੰਮ੍ਰਿਤੁ ਗੁਰ ਤੇ ਪਾਇਆ ॥
ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ
ਸਚਾ ਮਨਿ ਵਸਾਇਆ ॥
ਜੀਅ ਜੰਤ ਸਭਿ ਤੁਧੁ ਉਪਾਏ
ਇਕਿ ਵੇਖਿ ਪਰਸਣਿ ਆਇਆ ॥
ਲਬੁ ਲੋਭੁ ਅਹੰਕਾਰੁ ਚੂਕਾ

ਸਤਿਗੁਰੂ ਭਲਾ ਭਾਇਆ ॥
ਕਹੈ ਨਾਨਕੁ ਜਿਸਨੋ ਆਪਿ ਤੁਠਾ
ਤਿਨਿ ਅੰਮ੍ਰਿਤੁ ਗੁਰ ਤੇ ਪਾਇਆ ॥੧੩॥
ਭਗਤਾ ਕੀ ਚਾਲ ਨਿਰਾਲੀ ॥
ਚਾਲਾ ਨਿਰਾਲੀ ਭਗਤਾਹ ਕੇਰੀ
ਬਿਖਮ ਮਾਰਗਿ ਚਲਣਾ ॥
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ
ਬਹੁਤੁ ਨਾਹੀ ਬੋਲਣਾ ॥
ਖੰਨਿਅਹੁ ਤਿਖੀ ਵਾਲਹੁ ਨਿਕੀ
ਏਤੁ ਮਾਰਗਿ ਜਾਣਾ ॥
ਗੁਰ ਪਰਸਾਦੀ ਜਿਨੀ ਆਪੁ ਤਜਿਆ
ਹਰਿ ਵਾਸਨਾ ਸਮਾਣੀ ॥
ਕਹੈ ਨਾਨਕੁ ਚਾਲ ਭਗਤਾ
ਜੁਗਹੁ ਜੁਗੁ ਨਿਰਾਲੀ ॥੧੪॥
ਜਿਉ ਤੂ ਚਲਾਇਹਿ ਤਿਵ ਚਲਹ ਸੁਆਮੀ

ਹੋਰੁ ਕਿਆ ਜਾਣਾ ਗੁਣ ਤੇਰੇ ॥
ਜਿਵ ਤੂ ਚਲਾਇਹਿ ਤਿਵੈ ਚਲਹ
ਜਿਨਾ ਮਾਰਗਿ ਪਾਵਹੇ ॥
ਕਰਿ ਕਿਰਪਾ ਜਿਨ ਨਾਮਿ ਲਾਇਹਿ
ਸਿ ਹਰਿ ਹਰਿ ਸਦਾ ਧਿਆਵਹੇ ॥
ਜਿਸਨੋ ਕਥਾ ਸੁਣਾਇਹਿ ਆਪਣੀ
ਸਿ ਗੁਰਦੁਆਰੈ ਸੁਖੁ ਪਾਵਹੇ ॥
ਕਹੈ ਨਾਨਕੁ ਸਚੇ ਸਾਹਿਬ
ਜਿਉ ਭਾਵੈ ਤਿਵੈ ਚਲਾਵਹੇ ॥੧੫॥
ਏਹੁ ਸੋਹਿਲਾ ਸਬਦੁ ਸੁਹਾਵਾ ॥
ਸਬਦੋ ਸੁਹਾਵਾ ਸਦਾ ਸੋਹਿਲਾ
ਸਤਿਗੁਰੂ ਸੁਣਾਇਆ ॥
ਏਹੁ ਤਿਨ ਕੈ ਮੰਨਿ ਵਸਿਆ
ਜਿਨ ਧੁਰਹੁ ਲਿਖਿਆ ਆਇਆ ॥
ਇਕਿ ਫਿਰਹਿ ਘਨੇਰੇ ਕਰਹਿ ਗਲਾ

ਗਲੀ ਕਿਨੈ ਨ ਪਾਇਆ ॥
ਕਹੈ ਨਾਨਕੁ ਸਬਦੁ ਸੋਹਿਲਾ
ਸਤਿਗੁਰੂ ਸੁਣਾਇਆ ॥੧੬॥
ਪਵਿਤੁ ਹੋਏ ਸੇ ਜਨਾ
ਜਿਨੀ ਹਰਿ ਧਿਆਇਆ ॥
ਹਰਿ ਧਿਆਇਆ ਪਵਿਤੁ ਹੋਏ
ਗੁਰਮੁਖਿ ਜਿਨ੍ੀ ਧਿਆਇਆ ॥
ਪਵਿਤੁ ਮਾਤਾ ਪਿਤਾ ਕੁਟੰਬ ਸਹਿਤ ਸਿਉ
ਪਵਿਤੁ ਸੰਗਤਿ ਸਬਾਈਆ ॥
ਕਹਦੇ ਪਵਿਤੁ ਸੁਣਦੇ ਪਵਿਤੁ
ਸੇ ਪਵਿਤੁ ਜਿਨੀ ਮੰਨਿ ਵਸਾਇਆ ॥
ਕਹੈ ਨਾਨਕੁ ਸੇ ਪਵਿਤੁ
ਜਿਨੀ ਗੁਰਮੁਖਿ ਹਰਿ ਹਰਿ ਧਿਆਇਆ॥੧੭॥
ਕਰਮੀ ਸਹਜੁ ਨ ਊਪਜੈ
ਵਿਣੁ ਸਹਜੈ ਸਹਸਾ ਨ ਜਾਇ ॥

ਨਹ ਜਾਇ ਸਹਸਾ ਕਿਤੈ ਸੰਜਮਿ
ਰਹੇ ਕਰਮ ਕਮਾਏ ॥
ਸਹਸੈ ਜੀਉ ਮਲੀਣੁ ਹੈ
ਕਿਤੁ ਸੰਜਮਿ ਧੋਤਾ ਜਾਏ ॥
ਮੰਨੁ ਧੋਵਹੁ ਸਬਦਿ ਲਾਗਹੁ
ਹਰਿ ਸਿਉ ਰਹਹੁ ਚਿਤੁ ਲਾਇ ॥
ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ
ਇਹੁ ਸਹਸਾ ਇਵ ਜਾਇ ॥੧੮॥
ਜੀਅਹੁ ਮੈਲੇ ਬਾਹਰਹੁ ਨਿਰਮਲ ॥
ਬਾਹਰਹੁ ਨਿਰਮਲ ਜੀਅਹੁ ਤ ਮੈਲੇ
ਤਿਨੀ ਜਨਮੁ ਜੂਐ ਹਾਰਿਆ ॥
ਏਹ ਤਿਸਨਾ ਵਡਾ ਰੋਗੁ ਲਗਾ
ਮਰਣੁ ਮਨਹੁ ਵਿਸਾਰਿਆ ॥
ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ
ਫਿਰਹਿ ਜਿਉ ਬੇਤਾਲਿਆ ॥

ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ
ਤਿਨੀ ਜਨਮੁ ਜੂਐ ਹਾਰਿਆ ॥੧੯॥
ਜੀਅਹੁ ਨਿਰਮਲ ਬਾਹਰਹੁ ਨਿਰਮਲ ॥
ਬਾਹਰਹੁ ਤ ਨਿਰਮਲ ਜੀਅਹੁ ਨਿਰਮਲ
ਸਤਿਗੁਰ ਤੇ ਕਰਣੀ ਕਮਾਣੀ ॥
ਕੂੜ ਕੀ ਸੋਇ ਪਹੁਚੈ ਨਾਹੀ
ਮਨਸਾ ਸਚਿ ਸਮਾਣੀ ॥
ਜਨਮੁ ਰਤਨੁ ਜਿਨੀ ਖਟਿਆ
ਭਲੇ ਸੇ ਵਣਜਾਰੇ ॥
ਕਹੈ ਨਾਨਕੁ ਜਿਨ ਮੰਨੁ ਨਿਰਮਲੁ
ਸਦਾ ਰਹਹਿ ਗੁਰ ਨਾਲੇ ॥੨੦॥
ਜੇ ਕੋ ਸਿਖੁ
ਗੁਰੂ ਸੇਤੀ ਸਨਮੁਖੁ ਹੋਵੈ ॥
ਹੋਵੈ ਤ ਸਨਮੁਖੁ ਸਿਖੁ ਕੋਈ
ਜੀਅਹੁ ਰਹੈ ਗੁਰ ਨਾਲੇ ॥

ਗੁਰ ਕੇ ਚਰਨ ਹਿਰਦੈ ਧਿਆਏ
ਅੰਤਰ ਆਤਮੈ ਸਮਾਲੇ ॥
ਆਪੁ ਛਡਿ ਸਦਾ ਰਹੈ ਪਰਣੈ
ਗੁਰ ਬਿਨੁ ਅਵਰੁ ਨ ਜਾਣੈ ਕੋਏ ॥
ਕਹੈ ਨਾਨਕੁ ਸੁਣਹੁ ਸੰਤਹੁ
ਸੋ ਸਿਖੁ ਸਨਮੁਖੁ ਹੋਏ ॥੨੧॥
ਜੇ ਕੋ ਗੁਰ ਤੇ ਵੇਮੁਖੁ ਹੋਵੈ
ਬਿਨੁ ਸਤਿਗੁਰ ਮੁਕਤਿ ਨ ਪਾਵੈ ॥
ਪਾਵੈ ਮੁਕਤਿ ਨ ਹੋਰਥੈ ਕੋਈ
ਪੁਛਹੁ ਬਿਬੇਕੀਆ ਜਾਏ ॥
ਅਨੇਕ ਜੂਨੀ ਭਰਮਿ ਆਵੈ
ਵਿਣੁ ਸਤਿਗੁਰ ਮੁਕਤਿ ਨ ਪਾਏ ॥
ਫਿਰਿ ਮੁਕਤਿ ਪਾਏ ਲਾਗਿ ਚਰਣੀ
ਸਤਿਗੁਰੂ ਸਬਦੁ ਸੁਣਾਏ ॥
ਕਹੈ ਨਾਨਕੁ ਵੀਚਾਰਿ ਦੇਖਹੁ

ਵਿਣੁ ਸਤਿਗੁਰ ਮੁਕਤਿ ਨ ਪਾਏ ॥੨੨॥

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ
ਗਾਵਹੁ ਸਚੀ ਬਾਣੀ ॥
ਬਾਣੀ ਤ ਗਾਵਹੁ ਗੁਰੂ ਕੇਰੀ
ਬਾਣੀਆ ਸਿਰਿ ਬਾਣੀ ॥
ਜਿਨ ਕਉ ਨਦਰਿ ਕਰਮੁ ਹੋਵੈ
ਹਿਰਦੈ ਤਿਨਾ ਸਮਾਣੀ ॥
ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ
ਜਪਿਹੁ ਸਾਰਿਗਪਾਣੀ ॥
ਕਹੈ ਨਾਨਕੁ ਸਦਾ ਗਾਵਹੁ
ਏਹ ਸਚੀ ਬਾਣੀ ॥੨੩॥

ਸਤਿਗੁਰੂ ਬਿਨਾ
ਹੋਰ ਕਚੀ ਹੈ ਬਾਣੀ ॥
ਬਾਣੀ ਤ ਕਚੀ ਸਤਿਗੁਰੂ ਬਾਝਹੁ
ਹੋਰ ਕਚੀ ਬਾਣੀ ॥

ਕਹਦੇ ਕਚੇ ਸੁਣਦੇ ਕਚੇ
ਕਚੀਂ ਆਖਿ ਵਖਾਣੀ ॥
ਹਰਿ ਹਰਿ ਨਿਤ ਕਰਹਿ ਰਸਨਾ
ਕਹਿਆ ਕਛੂ ਨ ਜਾਣੀ ॥
ਚਿਤੁ ਜਿਨ ਕਾ ਹਿਰਿ ਲਇਆ ਮਾਇਆ
ਬੋਲਨਿ ਪਏ ਰਵਾਣੀ ॥
ਕਹੈ ਨਾਨਕੁ ਸਤਿਗੁਰੂ ਬਾਝਹੁ
ਹੋਰ ਕਚੀ ਬਾਣੀ ॥੨੪॥
ਗੁਰ ਕਾ ਸਬਦੁ ਰਤੰਨੁ ਹੈ
ਹੀਰੇ ਜਿਤੁ ਜੜਾਉ ॥
ਸਬਦੁ ਰਤਨੁ ਜਿਤੁ ਮੰਨੁ ਲਾਗਾ
ਏਹੁ ਹੋਆ ਸਮਾਉ ॥
ਸਬਦ ਸੇਤੀ ਮਨੁ ਮਿਲਿਆ
ਸਚੈ ਲਾਇਆ ਭਾਉ ॥
ਆਪੇ ਹੀਰਾ ਰਤਨੁ ਆਪੇ

ਜਿਸਨੋ ਦੇਇ ਬੁਝਾਇ ॥

ਕਹੈ ਨਾਨਕੁ ਸਬਦੁ ਰਤਨੁ ਹੈ

ਹੀਰਾ ਜਿਤੁ ਜੜਾਉ ॥੨੫॥

ਸਿਵ ਸਕਤਿ ਆਪਿ ਉਪਾਇਕੈ ਕਰਤਾ

ਆਪੇ ਹੁਕਮੁ ਵਰਤਾਏ ॥

ਹੁਕਮੁ ਵਰਤਾਏ ਆਪਿ ਵੇਖੈ

ਗੁਰਮੁਖਿ ਕਿਸੈ ਬੁਝਾਏ ॥

ਤੋੜੇ ਬੰਧਨ ਹੋਵੈ ਮੁਕਤੁ

ਸਬਦੁ ਮੰਨਿ ਵਸਾਏ ॥

ਗੁਰਮੁਖਿ ਜਿਸਨੋ ਆਪਿ ਕਰੇ ਸੁ ਹੋਵੈ

ਏਕਸ ਸਿਉ ਲਿਵ ਲਾਏ ॥

ਕਹੈ ਨਾਨਕੁ ਆਪਿ ਕਰਤਾ

ਆਪੇ ਹੁਕਮੁ ਬੁਝਾਏ ॥੨੬॥

ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ

ਤਤੈ ਸਾਰ ਨ ਜਾਣੀ ॥

ਤਤੈ ਸਾਰ ਨ ਜਾਣੀ ਗੁਰੂ ਬਾਝਹੁ

ਤਤੈ ਸਾਰ ਨ ਜਾਣੀ ॥

ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ

ਸੁਤਿਆ ਰੈਣਿ ਵਿਹਾਣੀ ॥

ਗੁਰ ਕਿਰਪਾ ਤੇ ਸੇ ਜਨ ਜਾਗੇ

ਜਿਨਾ ਹਰਿ ਮਨਿ ਵਸਿਆ

ਬੋਲਹਿ ਅੰਮ੍ਰਿਤ ਬਾਣੀ ॥

ਕਹੈ ਨਾਨਕੁ ਸੋ ਤਤੁ ਪਾਏ

ਜਿਸਨੋ ਅਨਦਿਨੁ ਹਰਿ ਲਿਵ ਲਾਗੈ

ਜਾਗਤ ਰੈਣਿ ਵਿਹਾਣੀ ॥੨੭॥

ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ

ਸੋ ਕਿਉ ਮਨਹੁ ਵਿਸਾਰੀਐ ॥

ਮਨਹੁ ਕਿਉ ਵਿਸਾਰੀਐ ਏਵਡੁ ਦਾਤਾ

ਜਿ ਅਗਨਿ ਮਹਿ ਆਹਾਰੁ ਪਹੁਚਾਵਏ ॥

ਓਸਨੋ ਕਿਹੁ ਪੋਹਿ ਨ ਸਕੀ

ਜਿਸ ਨਉ ਆਪਣੀ ਲਿਵ ਲਾਵਏ ॥
ਆਪਣੀ ਲਿਵ ਆਪੇ ਲਾਏ
ਗੁਰਮੁਖਿ ਸਦਾ ਸਮਾਲੀਐ ॥
ਕਹੈ ਨਾਨਕੁ ਏਵਡੁ ਦਾਤਾ
ਸੋ ਕਿਉ ਮਨਹੁ ਵਿਸਾਰੀਐ ॥੨੮॥
ਜੈਸੀ ਅਗਨਿ ਉਦਰ ਮਹਿ
ਤੈਸੀ ਬਾਹਰਿ ਮਾਇਆ ॥
ਮਾਇਆ ਅਗਨਿ ਸਭ ਇਕੋ ਜੇਹੀ
ਕਰਤੈ ਖੇਲੁ ਰਚਾਇਆ ॥
ਜਾ ਤਿਸੁ ਭਾਣਾ ਤਾ ਜੰਮਿਆ
ਪਰਵਾਰਿ ਭਲਾ ਭਾਇਆ ॥
ਲਿਵ ਛੁੜਕੀ ਲਗੀ ਤ੍ਰਿਸਨਾ
ਮਾਇਆ ਅਮਰੁ ਵਰਤਾਇਆ ॥
ਏਹ ਮਾਇਆ ਜਿਤੁ ਹਰਿ ਵਿਸਰੈ
ਮੋਹੁ ਉਪਜੈ ਭਾਉ ਦੂਜਾ ਲਾਇਆ ॥

ਕਹੈ ਨਾਨਕੁ ਗੁਰ ਪਰਸਾਦੀ
ਜਿਨਾ ਲਿਵ ਲਾਗੀ
ਤਿਨੀ ਵਿਚੇ ਮਾਇਆ ਪਾਇਆ ॥੨੯॥
ਹਰਿ ਆਪਿ ਅਮੁਲਕੁ ਹੈ
ਮੁਲਿ ਨ ਪਾਇਆ ਜਾਇ ॥
ਮੁਲਿ ਨ ਪਾਇਆ ਜਾਇ ਕਿਸੈ ਵਿਟਹੁ
ਰਹੇ ਲੋਕ ਵਿਲਲਾਇ ॥
ਐਸਾ ਸਤਿਗੁਰੁ ਜੇ ਮਿਲੈ
ਤਿਸਨੋ ਸਿਰੁ ਸਉਪੀਐ
ਵਿਚਹੁ ਆਪੁ ਜਾਇ ॥
ਜਿਸਦਾ ਜੀਉ ਤਿਸੁ ਮਿਲਿ ਰਹੈ
ਹਰਿ ਵਸੈ ਮਨਿ ਆਇ ॥
ਹਰਿ ਆਪਿ ਅਮੁਲਕੁ ਹੈ
ਭਾਗ ਤਿਨਾ ਕੇ ਨਾਨਕਾ
ਜਿਨ ਹਰਿ ਪਲੈ ਪਾਇ ॥੩੦॥

ਹਰਿ ਰਾਸਿ ਮੇਰੀ
ਮਨੁ ਵਣਜਾਰਾ ॥
ਹਰਿ ਰਾਸਿ ਮੇਰੀ ਮਨੁ ਵਣਜਾਰਾ
ਸਤਿਗੁਰ ਤੇ ਰਾਸਿ ਜਾਣੀ ॥
ਹਰਿ ਹਰਿ ਨਿਤ ਜਪਿਹੁ ਜੀਅਹੁ
ਲਾਹਾ ਖਟਿਹੁ ਦਿਹਾੜੀ ॥
ਏਹੁ ਧਨੁ ਤਿਨਾ ਮਿਲਿਆ
ਜਿਨ ਹਰਿ ਆਪੇ ਭਾਣਾ ॥
ਕਹੈ ਨਾਨਕੁ ਹਰਿ ਰਾਸਿ ਮੇਰੀ
ਮਨੁ ਹੋਆ ਵਣਜਾਰਾ ॥੩੧॥
ਏ ਰਸਨਾ ਤੂ ਅਨਰਸਿ ਰਾਚਿ ਰਹੀ
ਤੇਰੀ ਪਿਆਸ ਨ ਜਾਇ ॥
ਪਿਆਸ ਨ ਜਾਇ ਹੋਰਤੁ ਕਿਤੈ
ਜਿਚਰੁ ਹਰਿ ਰਸੁ ਪਲੈ ਨ ਪਾਇ ॥
ਹਰਿ ਰਸੁ ਪਾਇ ਪਲੈ ਪੀਐ ਹਰਿ ਰਸੁ

ਬਹੁੜਿ ਨ ਤ੍ਰਿਸਨਾ ਲਾਗੈ ਆਇ ॥
ਏਹੁ ਹਰਿ ਰਸੁ ਕਰਮੀ ਪਾਈਐ
ਸਤਿਗੁਰੁ ਮਿਲੈ ਜਿਸੁ ਆਇ ॥
ਕਹੈ ਨਾਨਕੁ ਹੋਰਿ ਅਨਰਸ ਸਭਿ ਵੀਸਰੇ
ਜਾ ਹਰਿ ਵਸੈ ਮਨਿ ਆਇ ॥੩੨॥
ਏ ਸਰੀਰਾ ਮੇਰਿਆ
ਹਰਿ ਤੁਮ ਮਹਿ ਜੋਤਿ ਰਖੀ
ਤਾ ਤੂ ਜਗ ਮਹਿ ਆਇਆ ॥
ਹਰਿ ਜੋਤਿ ਰਖੀ ਤੁਧੁ ਵਿਚਿ
ਤਾ ਤੂ ਜਗ ਮਹਿ ਆਇਆ ॥
ਹਰਿ ਆਪੇ ਮਾਤਾ ਆਪੇ ਪਿਤਾ
ਜਿਨਿ ਜੀਉ ਉਪਾਇ ਜਗਤੁ ਦਿਖਾਇਆ ॥
ਗੁਰ ਪਰਸਾਦੀ ਬੁਝਿਆ ਤਾ ਚਲਤੁ ਹੋਆ
ਚਲਤੁ ਨਦਰੀ ਆਇਆ ॥
ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ

ਜੋਤਿ ਰਾਖੀ
ਤਾ ਤੂ ਜਗ ਮਹਿ ਆਇਆ ॥੩੩॥
ਮਨਿ ਚਾਉ ਭਇਆ
ਪ੍ਰਭ ਆਗਮੁ ਸੁਣਿਆ ॥
ਹਰਿ ਮੰਗਲੁ ਗਾਉ ਸਖੀ
ਗ੍ਰਿਹੁ ਮੰਦਰੁ ਬਣਿਆ ॥
ਹਰਿ ਗਾਉ ਮੰਗਲੁ ਨਿਤ ਸਖੀਏ
ਸੋਗੁ ਦੂਖੁ ਨ ਵਿਆਪਏ ॥
ਗੁਰ ਚਰਨ ਲਾਗੇ ਦਿਨ ਸਭਾਗੇ
ਆਪਣਾ ਪਿਰੁ ਜਾਪਏ ॥
ਅਨਹਤ ਬਾਣੀ ਗੁਰ ਸਬਦਿ ਜਾਣੀ
ਹਰਿ ਨਾਮੁ ਹਰਿ ਰਸੁ ਭੋਗੋ ॥
ਕਹੈ ਨਾਨਕੁ ਪ੍ਰਭੁ ਆਪਿ ਮਿਲਿਆ
ਕਰਣ ਕਾਰਣ ਜੋਗੋ ॥੩੪॥
ਏ ਸਰੀਰਾ ਮੇਰਿਆ

ਇਸੁ ਜਗ ਮਹਿ ਆਇਕੈ
ਕਿਆ ਤੁਧੁ ਕਰਮ ਕਮਾਇਆ ॥
ਕਿ ਕਰਮ ਕਮਾਇਆ ਤੁਧੁ ਸਰੀਰਾ
ਜਾ ਤੂ ਜਗ ਮਹਿ ਆਇਆ ॥
ਜਿਨਿ ਹਰਿ ਤੇਰਾ ਰਚਨੁ ਰਚਿਆ
ਸੋ ਹਰਿ ਮਨਿ ਨ ਵਸਾਇਆ ॥
ਗੁਰ ਪਰਸਾਦੀ ਹਰਿ ਮੰਨਿ ਵਸਿਆ
ਪੂਰਬਿ ਲਿਖਿਆ ਪਾਇਆ ॥
ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ
ਜਿਨਿ ਸਤਿਗੁਰ ਸਿਉ ਚਿਤੁ ਲਾਇਆ ॥੩੫॥
ਏ ਨੇਤ੍ਰਹੁ ਮੇਰਿਹੋ
ਹਰਿ ਤੁਮ ਮਹਿ ਜੋਤਿ ਧਰੀ
ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥
ਹਰਿ ਬਿਨੁ ਅਵਰੁ ਨ ਦੇਖਹੁ ਕੋਈ
ਨਦਰੀ ਹਰਿ ਨਿਹਾਲਿਆ ॥

ਏਹੁ ਵਿਸੁ ਸੰਸਾਰੁ ਤੁਮ ਦੇਖਦੇ
ਏਹੁ ਹਰਿ ਕਾ ਰੂਪੁ ਹੈ
ਹਰਿ ਰੂਪੁ ਨਦਰੀ ਆਇਆ ॥
ਗੁਰ ਪਰਸਾਦੀ ਬੁਝਿਆ
ਜਾ ਵੇਖਾ ਹਰਿ ਇਕੁ ਹੈ
ਹਰਿ ਬਿਨੁ ਅਵਰੁ ਨ ਕੋਈ ॥
ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ
ਸਤਿਗੁਰਿ ਮਿਲਿਐ
ਦਿਬ ਦ੍ਰਿਸਟਿ ਹੋਈ ॥੩੬॥
ਏ ਸ੍ਰਵਣਹੁ ਮੇਰਿਹੋ
ਸਾਚੈ ਸੁਨਣੈ ਨੋ ਪਠਾਏ ॥
ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ
ਸੁਣਹੁ ਸਤਿ ਬਾਣੀ ॥
ਜਿਤੁ ਸੁਣੀ ਮਨੁ ਤਨੁ ਹਰਿਆ ਹੋਆ
ਰਸਨਾ ਰਸਿ ਸਮਾਣੀ ॥

ਸਚੁ ਅਲਖ ਵਿਡਾਣੀ
ਤਾ ਕੀ ਗਤਿ ਕਹੀ ਨ ਜਾਏ ॥
ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ
ਪਵਿਤ੍ਰ ਹੋਵਹੁ
ਸਾਚੈ ਸੁਨਣੈ ਨੋ ਪਠਾਏ॥੩੭॥
ਹਰਿ ਜੀਉ ਗੁਫਾ ਅੰਦਰਿ ਰਖਿਕੈ
ਵਾਜਾ ਪਵਣੁ ਵਜਾਇਆ ॥
ਵਜਾਇਆ ਵਾਜਾ ਪਉਣ
ਨਉ ਦੁਆਰੇ ਪਰਗਟੁ ਕੀਏ
ਦਸਵਾ ਗੁਪਤੁ ਰਖਾਇਆ ॥
ਗੁਰ ਦੁਆਰੈ ਲਾਇ ਭਾਵਨੀ
ਇਕਨਾ ਦਸਵਾ ਦੁਆਰੁ ਦਿਖਾਇਆ ॥
ਤਹ ਅਨੇਕ ਰੂਪ ਨਾਉ ਨਵ ਨਿਧਿ
ਤਿਸ ਦਾ ਅੰਤੁ ਨ ਜਾਈ ਪਾਇਆ ॥
ਕਹੈ ਨਾਨਕੁ ਹਰਿ ਪਿਆਰੈ ਜੀਉ

ਗੁਫਾ ਅੰਦਰਿ ਰਖਿਕੈ

ਵਾਜਾ ਪਵਣੁ ਵਜਾਇਆ ॥੩੮॥

ਏਹੁ ਸਾਚਾ ਸੋਹਿਲਾ

ਸਾਚੈ ਘਰਿ ਗਾਵਹੁ ॥

ਗਾਵਹੁ ਤ ਸੋਹਿਲਾ ਘਰਿ ਸਾਚੈ

ਜਿਥੈ ਸਦਾ ਸਚੁ ਧਿਆਵਹੇ ॥

ਸਚੋ ਧਿਆਵਹਿ ਜਾ ਤੁਧੁ ਭਾਵਹਿ

ਗੁਰਮੁਖਿ ਜਿਨਾ ਬੁਝਾਵਹੇ ॥

ਇਹੁ ਸਚੁ ਸਭਨਾ ਕਾ ਖਸਮੁ ਹੈ

ਜਿਸੁ ਬਖਸੇ ਸੋ ਜਨੁ ਪਾਵਹੇ ॥

ਕਹੈ ਨਾਨਕੁ ਸਚੁ ਸੋਹਿਲਾ

ਸਚੈ ਘਰਿ ਗਾਵਹੇ ॥੩੯॥

ਅਨਦੁ ਸੁਣਹੁ ਵਡਭਾਗੀਹੋ

ਸਗਲ ਮਨੋਰਥ ਪੂਰੇ ॥

ਪਾਰਬ੍ਰਹਮੁ ਪ੍ਰਭੁ ਪਾਇਆ

ਉਤਰੇ ਸਗਲ ਵਿਸੂਰੇ ॥
ਦੂਖ ਰੋਗ ਸੰਤਾਪ ਉਤਰੇ
ਸੁਣੀ ਸਚੀ ਬਾਣੀ ॥
ਸੰਤ ਸਾਜਨ ਭਏ ਸਰਸੇ
ਪੂਰੇ ਗੁਰ ਤੇ ਜਾਣੀ ॥
ਸੁਣਤੇ ਪੁਨੀਤ ਕਹਤੇ ਪਵਿਤੁ
ਸਤਿਗੁਰੁ ਰਹਿਆ ਭਰਪੂਰੇ ॥
ਬਿਨਵੰਤਿ ਨਾਨਕੁ ਗੁਰ ਚਰਣ ਲਾਗੇ
ਵਾਜੇ ਅਨਹਦ ਤੂਰੇ ॥੪੦॥੧॥

# ਰਹਰਾਸਿ ਸਾਹਿਬ

ੴ ਸਤਿਗੁਰ ਪ੍ਰਸਾਦਿ॥

ਸਲੋਕੁ ਮ: ੧॥

ਦੁਖੁ ਦਾਰੂ ਸੁਖੁ ਰੋਗੁ ਭਇਆ
ਜਾ ਸੁਖੁ ਤਾਮਿ ਨ ਹੋਈ॥
ਤੂੰ ਕਰਤਾ ਕਰਣਾ ਮੈ ਨਾਹੀ
ਜਾ ਹਉ ਕਰੀ ਨ ਹੋਈ॥੧॥
ਬਲਿਹਾਰੀ ਕੁਦਰਤਿ ਵਸਿਆ॥
ਤੇਰਾ ਅੰਤੁ ਨ ਜਾਈ ਲਖਿਆ॥੧॥ਰਹਾਉ॥
ਜਾਤਿ ਮਹਿ ਜੋਤਿ
ਜੋਤਿ ਮਹਿ ਜਾਤਾ
ਅਕਲ ਕਲਾ ਭਰਪੂਰਿ ਰਹਿਆ॥
ਤੂੰ ਸਚਾ ਸਾਹਿਬੁ ਸਿਫਤਿ ਸੁਆਲ੍ਹਿਉ

ਜਿਨਿ ਕੀਤੀ ਸੋ ਪਾਰਿ ਪਇਆ॥
ਕਹੁ ਨਾਨਕ ਕਰਤੇ ਕੀਆ ਬਾਤਾ
ਜੋ ਕਿਛੁ ਕਰਣਾ ਸੁ ਕਰਿ ਰਹਿਆ॥੨॥

ਸੋ ਦਰੁ ਰਾਗੁ ਆਸਾ ਮਹਲਾ ੧

ੴ ਸਤਿਗੁਰ ਪ੍ਰਸਾਦਿ॥

ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ
ਜਿਤੁ ਬਹਿ ਸਰਬ ਸਮਾਲੇ॥
ਵਾਜੇ ਤੇਰੇ ਨਾਦ ਅਨੇਕ ਅਸੰਖਾ
ਕੇਤੇ ਤੇਰੇ ਵਾਵਣਹਾਰੇ॥
ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ
ਕੇਤੇ ਤੇਰੇ ਗਾਵਣਹਾਰੇ॥
ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ
ਗਾਵੈ ਰਾਜਾ ਧਰਮੁ ਦੁਆਰੇ॥
ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ

ਲਿਖਿ ਲਿਖਿ ਧਰਮੁ ਬੀਚਾਰੇ॥
ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ
ਸੋਹਨਿ ਤੇਰੇ ਸਦਾ ਸਵਾਰੇ॥
ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ
ਦੇਵਤਿਆ ਦਰਿ ਨਾਲੇ॥
ਗਾਵਨਿ ਤੁਧਨੋ ਸਿਧ ਸਮਾਧੀ ਅੰਦਰਿ
ਗਾਵਨਿ ਤੁਧਨੋ ਸਾਧ ਬੀਚਾਰੇ॥
ਗਾਵਨਿ ਤੁਧਨੋ ਜਤੀ ਸਤੀ ਸੰਤੋਖੀ
ਗਾਵਨਿ ਤੁਧਨੋ ਵੀਰ ਕਰਾਰੇ॥
ਗਾਵਨਿ ਤੁਧਨੋ ਪੰਡਿਤ ਪੜਨਿ ਰਖੀਸੁਰ
ਜੁਗੁ ਜੁਗੁ ਵੇਦਾ ਨਾਲੇ॥
ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ
ਸੁਰਗੁ ਮਛੁ ਪਇਆਲੇ॥
ਗਾਵਨਿ ਤੁਧਨੋ ਰਤਨ ਉਪਾਏ ਤੇਰੇ
ਅਠਸਠਿ ਤੀਰਥ ਨਾਲੇ॥

ਗਾਵਨਿ ਤੁਧਨੋ ਜੋਧ ਮਹਾਬਲ ਸੂਰਾ
ਗਾਵਨਿ ਤੁਧਨੋ ਖਾਣੀ ਚਾਰੇ॥
ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ
ਕਰਿ ਕਰਿ ਰਖੇ ਤੇਰੇ ਧਾਰੇ॥
ਸੇਈ ਤੁਧਨੋ ਗਾਵਨਿ ਜੋ ਤੁਧੁ ਭਾਵਨਿ
ਰਤੇ ਤੇਰੇ ਭਗਤ ਰਸਾਲੇ॥
ਹੋਰਿ ਕੇਤੇ ਤੁਧਨੋ ਗਾਵਨਿ
ਸੇ ਮੈ ਚਿਤਿ ਨ ਆਵਨਿ
ਨਾਨਕੁ ਕਿਆ ਬੀਚਾਰੇ॥
ਸੋਈ ਸੋਈ ਸਦਾ ਸਚੁ ਸਾਹਿਬੁ
ਸਾਚਾ ਸਾਚੀ ਨਾਈ॥
ਹੈ ਭੀ ਹੋਸੀ ਜਾਇ ਨ ਜਾਸੀ
ਰਚਨਾ ਜਿਨਿ ਰਚਾਈ॥
ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ
ਮਾਇਆ ਜਿਨਿ ਉਪਾਈ॥

ਕਰਿ ਕਰਿ ਦੇਖੈ ਕੀਤਾ ਆਪਣਾ
ਜਿਉ ਤਿਸ ਦੀ ਵਡਿਆਈ॥
ਜੋ ਤਿਸੁ ਭਾਵੈ ਸੋਈ ਕਰਸੀ
ਫਿਰਿ ਹੁਕਮੁ ਨ ਕਰਣਾ ਜਾਈ॥
ਸੋ ਪਾਤਿਸਾਹੁ ਸਾਹਾ ਪਤਿਸਾਹਿਬੁ
ਨਾਨਕ ਰਹਣੁ ਰਜਾਈ॥੧॥

ਆਸਾ ਮਹਲਾ ੧॥

ਸੁਣਿ ਵਡਾ ਆਖੈ ਸਭੁ ਕੋਇ॥
ਕੇਵਡੁ ਵਡਾ ਡੀਠਾ ਹੋਇ॥
ਕੀਮਤਿ ਪਾਇ ਨ ਕਹਿਆ ਜਾਇ॥
ਕਹਣੈ ਵਾਲੇ ਤੇਰੇ ਰਹੇ ਸਮਾਇ॥੧॥
ਵਡੇ ਮੇਰੇ ਸਾਹਿਬਾ
ਗਹਿਰ ਗੰਭੀਰਾ ਗੁਣੀ ਗਹੀਰਾ॥
ਕੋਇ ਨ ਜਾਣੈ
ਤੇਰਾ ਕੇਤਾ ਕੇਵਡੁ ਚੀਰਾ॥੧॥ਰਹਾਉ॥

ਸਭਿ ਸੁਰਤੀ ਮਿਲਿ ਸੁਰਤਿ ਕਮਾਈ॥
ਸਭ ਕੀਮਤਿ ਮਿਲਿ ਕੀਮਤਿ ਪਾਈ॥
ਗਿਆਨੀ ਧਿਆਨੀ ਗੁਰ ਗੁਰਹਾਈ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ॥੨॥
ਸਭਿ ਸਤ ਸਭਿ ਤਪ ਸਭਿ ਚੰਗਿਆਈਆ॥
ਸਿਧਾ ਪੁਰਖਾ ਕੀਆ ਵਡਿਆਈਆ॥
ਤੁਧੁ ਵਿਣੁ ਸਿਧੀ ਕਿਨੈ ਨ ਪਾਈਆ॥
ਕਰਮਿ ਮਿਲੈ ਨਾਹੀ ਠਾਕਿ ਰਹਾਈਆ॥੩॥
ਆਖਣ ਵਾਲਾ ਕਿਆ ਵੇਚਾਰਾ॥
ਸਿਫਤੀ ਭਰੇ ਤੇਰੇ ਭੰਡਾਰਾ॥
ਜਿਸੁ ਤੂ ਦੇਹਿ ਤਿਸੈ ਕਿਆ ਚਾਰਾ॥
ਨਾਨਕ ਸਚੁ ਸਵਾਰਣਹਾਰਾ॥੪॥੨॥

ਆਸਾ ਮਹਲਾ ੧॥

ਆਖਾ ਜੀਵਾ ਵਿਸਰੈ ਮਰਿ ਜਾਉ॥
ਆਖਣਿ ਅਉਖਾ ਸਾਚਾ ਨਾਉ॥

ਸਾਚੇ ਨਾਮ ਕੀ ਲਾਗੈ ਭੂਖ॥
ਉਤੁ ਭੂਖੈ ਖਾਇ ਚਲੀਅਹਿ ਦੂਖ॥੧॥
ਸੋ ਕਿਉ ਵਿਸਰੈ ਮੇਰੀ ਮਾਇ॥
ਸਾਚਾ ਸਾਹਿਬੁ ਸਾਚੈ ਨਾਇ॥੧॥ਰਹਾਉ॥
ਸਾਚੇ ਨਾਮ ਕੀ ਤਿਲੁ ਵਡਿਆਈ॥
ਆਖਿ ਥਕੇ ਕੀਮਤਿ ਨਹੀ ਪਾਈ॥
ਜੇ ਸਭਿ ਮਿਲਿ ਕੈ ਆਖਣ ਪਾਹਿ॥
ਵਡਾ ਨ ਹੋਵੈ ਘਾਟਿ ਨ ਜਾਇ॥੨॥
ਨਾ ਓਹੁ ਮਰੈ ਨ ਹੋਵੈ ਸੋਗੁ॥
ਦੇਦਾ ਰਹੈ ਨ ਚੂਕੈ ਭੋਗੁ॥
ਗੁਣੁ ਏਹੋ ਹੋਰੁ ਨਾਹੀ ਕੋਇ॥
ਨਾ ਕੋ ਹੋਆ ਨਾ ਕੋ ਹੋਇ॥੩॥
ਜੇਵਡੁ ਆਪਿ ਤੇਵਡ ਤੇਰੀ ਦਾਤਿ॥
ਜਿਨਿ ਦਿਨੁ ਕਰਿ ਕੈ ਕੀਤੀ ਰਾਤਿ॥
ਖਸਮੁ ਵਿਸਾਰਹਿ ਤੇ ਕਮਜਾਤਿ॥

ਨਾਨਕ ਨਾਵੈ ਬਾਝੁ ਸਨਾਤਿ॥੪॥੩॥

ਰਾਗੁ ਗੂਜਰੀ ਮਹਲਾ ੪॥

ਹਰਿ ਕੇ ਜਨ ਸਤਿਗੁਰ ਸਤ ਪੁਰਖਾ
ਬਿਨਉ ਕਰਉ ਗੁਰ ਪਾਸਿ॥
ਹਮ ਕੀਰੇ ਕਿਰਮ ਸਤਿਗੁਰ ਸਰਣਾਈ
ਕਰਿ ਦਇਆ ਨਾਮੁ ਪਰਗਾਸਿ॥੧॥
ਮੇਰੇ ਮੀਤ ਗੁਰਦੇਵ
ਮੋ ਕਉ ਰਾਮ ਨਾਮੁ ਪਰਗਾਸਿ॥
ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ
ਹਰਿ ਕੀਰਤਿ ਹਮਰੀ ਰਹਰਾਸਿ॥੧॥ਰਹਾਉ॥
ਹਰਿ ਜਨ ਕੇ ਵਡਭਾਗ ਵਡੇਰੇ
ਜਿਨ ਹਰਿ ਹਰਿ ਸਰਧਾ ਹਰਿ ਪਿਆਸ॥
ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ
ਮਿਲਿ ਸੰਗਤਿ ਗੁਣ ਪਰਗਾਸਿ॥੨॥
ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ

ਤੇ ਭਾਗਹੀਣ ਜਮ ਪਾਸਿ॥
ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ
ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ॥੩॥
ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ
ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ॥
ਧਨੁ ਧੰਨੁ ਸਤਸੰਗਤਿ
ਜਿਤੁ ਹਰਿ ਰਸੁ ਪਾਇਆ
ਮਿਲਿ ਜਨ ਨਾਨਕ ਨਾਮੁ ਪਰਗਾਸਿ॥੪॥੪॥

ਰਾਗੁ ਗੂਜਰੀ ਮਹਲਾ ੫॥

ਕਾਹੇ ਰੇ ਮਨ ਚਿਤਵਹਿ ਉਦਮੁ
ਜਾ ਆਹਰਿ ਹਰਿ ਜੀਉ ਪਰਿਆ॥
ਸੈਲ ਪਥਰ ਮਹਿ ਜੰਤ ਉਪਾਏ
ਤਾ ਕਾ ਰਿਜਕੁ ਆਗੈ ਕਰਿ ਧਰਿਆ॥੧॥
ਮੇਰੇ ਮਾਧਉ ਜੀ
ਸਤਸੰਗਤਿ ਮਿਲੇ ਸੁ ਤਰਿਆ॥

ਗੁਰ ਪਰਸਾਦਿ ਪਰਮ ਪਦੁ ਪਾਇਆ
ਸੂਕੇ ਕਾਸਟ ਹਰਿਆ॥੧॥ਰਹਾਉ॥
ਜਨਨਿ ਪਿਤਾ ਲੋਕ ਸੁਤ ਬਨਿਤਾ
ਕੋਇ ਨ ਕਿਸ ਕੀ ਧਰਿਆ॥
ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ
ਕਾਹੇ ਮਨ ਭਉ ਕਰਿਆ॥੨॥
ਊਡੇ ਊਡਿ ਆਵੈ ਸੈ ਕੋਸਾ
ਤਿਸੁ ਪਾਛੈ ਬਚਰੇ ਛਰਿਆ॥
ਤਿਨ ਕਵਣੁ ਖਲਾਵੈ ਕਵਣੁ ਚੁਗਾਵੈ
ਮਨ ਮਹਿ ਸਿਮਰਨੁ ਕਰਿਆ॥੩॥
ਸਭਿ ਨਿਧਾਨ ਦਸ ਅਸਟ ਸਿਧਾਨ
ਠਾਕੁਰ ਕਰ ਤਲ ਧਰਿਆ॥
ਜਨ ਨਾਨਕ ਬਲਿ ਬਲਿ
ਸਦ ਬਲਿ ਜਾਈਐ
ਤੇਰਾ ਅੰਤੁ ਨ ਪਾਰਾਵਰਿਆ॥੪॥੫॥

# ਰਾਗੁ ਆਸਾ ਮਹਲਾ ੪ ਸੋ ਪੁਰਖੁ

## ੴ ਸਤਿਗੁਰ ਪ੍ਰਸਾਦਿ॥

ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ
ਹਰਿ ਅਗਮਾ ਅਗਮ ਅਪਾਰਾ॥
ਸਭਿ ਧਿਆਵਹਿ ਸਭਿ ਧਿਆਵਹਿ ਤੁਧੁ ਜੀ
ਹਰਿ ਸਚੇ ਸਿਰਜਣਹਾਰਾ॥
ਸਭਿ ਜੀਅ ਤੁਮਾਰੇ ਜੀ
ਤੂੰ ਜੀਆ ਕਾ ਦਾਤਾਰਾ॥
ਹਰਿ ਧਿਆਵਹੁ ਸੰਤਹੁ ਜੀ
ਸਭਿ ਦੂਖ ਵਿਸਾਰਣਹਾਰਾ॥
ਹਰਿ ਆਪੇ ਠਾਕੁਰੁ ਹਰਿ ਆਪੇ ਸੇਵਕੁ ਜੀ
ਕਿਆ ਨਾਨਕ ਜੰਤ ਵਿਚਾਰਾ॥੧॥
ਤੂ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ
ਹਰਿ ਏਕੋ ਪੁਰਖੁ ਸਮਾਣਾ॥

ਇਕਿ ਦਾਤੇ ਇਕਿ ਭੇਖਾਰੀ ਜੀ

ਸਭਿ ਤੇਰੇ ਚੋਜ ਵਿਡਾਣਾ॥

ਤੂੰ ਆਪੇ ਦਾਤਾ ਆਪੇ ਭੁਗਤਾ ਜੀ

ਹਉ ਤੁਧੁ ਬਿਨੁ ਅਵਰੁ ਨ ਜਾਣਾ॥

ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ

ਤੇਰੇ ਕਿਆ ਗੁਣ ਆਖਿ ਵਖਾਣਾ॥

ਜੋ ਸੇਵਹਿ ਜੋ ਸੇਵਹਿ ਤੁਧੁ ਜੀ

ਜਨੁ ਨਾਨਕੁ ਤਿਨ ਕੁਰਬਾਣਾ॥੨॥

ਹਰਿ ਧਿਆਵਹਿ ਹਰਿ ਧਿਆਵਹਿ ਤੁਧੁ ਜੀ

ਸੇ ਜਨ ਜੁਗ ਮਹਿ ਸੁਖਵਾਸੀ॥

ਸੇ ਮੁਕਤੁ ਸੇ ਮੁਕਤੁ ਭਏ

ਜਿਨ ਹਰਿ ਧਿਆਇਆ ਜੀ

ਤਿਨ ਤੂਟੀ ਜਮ ਕੀ ਫਾਸੀ॥

ਜਿਨ ਨਿਰਭਉ

ਜਿਨ ਹਰਿ ਨਿਰਭਉ ਧਿਆਇਆ ਜੀ

ਤਿਨ ਕਾ ਭਉ ਸਭੁ ਗਵਾਸੀ॥
ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ
ਤੇ ਹਰਿ ਹਰਿ ਰੂਪਿ ਸਮਾਸੀ॥
ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀ
ਜਨੁ ਨਾਨਕੁ ਤਿਨ ਬਲਿ ਜਾਸੀ॥੩॥
ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ
ਭਰੇ ਬਿਅੰਤ ਬੇਅੰਤਾ॥
ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ
ਹਰਿ ਅਨਿਕ ਅਨੇਕ ਅਨੰਤਾ॥
ਤੇਰੀ ਅਨਿਕ ਤੇਰੀ ਅਨਿਕ
ਕਰਹਿ ਹਰਿ ਪੂਜਾ ਜੀ
ਤਪੁ ਤਾਪਹਿ ਜਪਹਿ ਬੇਅੰਤਾ॥
ਤੇਰੇ ਅਨੇਕ ਤੇਰੇ ਅਨੇਕ
ਪੜਹਿ ਬਹੁ ਸਿਮ੍ਰਿਤਿ ਸਾਸਤ ਜੀ
ਕਰਿ ਕਿਰਿਆ ਖਟੁ ਕਰਮ ਕਰੰਤਾ॥

ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ
ਜੋ ਭਾਵਹਿ ਮੇਰੇ ਹਰਿ ਭਗਵੰਤਾ॥੪॥
ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ
ਤੁਧੁ ਜੇਵਡੁ ਅਵਰੁ ਨ ਕੋਈ॥
ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ
ਤੂੰ ਨਿਹਚਲੁ ਕਰਤਾ ਸੋਈ॥
ਤੁਧੁ ਆਪੇ ਭਾਵੈ ਸੋਈ ਵਰਤੈ ਜੀ
ਤੂੰ ਆਪੇ ਕਰਹਿ ਸੁ ਹੋਈ॥
ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ
ਤੁਧੁ ਆਪੇ ਸਿਰਜਿ ਸਭ ਗੋਈ॥
ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ
ਜੋ ਸਭਸੈ ਕਾ ਜਾਣੋਈ॥੫॥੧॥

ਆਸਾ ਮਹਲਾ ੪॥

ਤੂੰ ਕਰਤਾ ਸਚਿਆਰੁ ਮੈਡਾ ਸਾਂਈ॥
ਜੋ ਤਉ ਭਾਵੈ ਸੋਈ ਥੀਸੀ

ਜੋ ਤੂ ਦੇਹਿ ਸੋਈ ਹਉ ਪਾਈ॥੧॥ਰਹਾਉ॥
ਸਭ ਤੇਰੀ ਤੂੰ ਸਭਨੀ ਧਿਆਇਆ॥
ਜਿਸਨੋ ਕ੍ਰਿਪਾ ਕਰਹਿ
ਤਿਨਿ ਨਾਮ ਰਤਨੁ ਪਾਇਆ॥
ਗੁਰਮੁਖਿ ਲਾਧਾ ਮਨਮੁਖਿ ਗਵਾਇਆ॥
ਤੁਧੁ ਆਪਿ ਵਿਛੋੜਿਆ
ਆਪਿ ਮਿਲਾਇਆ॥੧॥
ਤੂੰ ਦਰੀਆਉ ਸਭ ਤੁਝਹੀ ਮਾਹਿ॥
ਤੁਝ ਬਿਨੁ ਦੂਜਾ ਕੋਈ ਨਾਹਿ॥
ਜੀਅ ਜੰਤ ਸਭਿ ਤੇਰਾ ਖੇਲੁ॥
ਵਿਜੋਗਿ ਮਿਲਿ ਵਿਛੁੜਿਆ
ਸੰਜੋਗੀ ਮੇਲੁ॥੨॥
ਜਿਸਨੋ ਤੂ ਜਾਣਾਇਹਿ ਸੋਈ ਜਨੁ ਜਾਣੈ॥
ਹਰਿ ਗੁਣ ਸਦਹੀ ਆਖਿ ਵਖਾਣੈ॥
ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ॥

ਸਹਜੇ ਹੀ ਹਰਿ ਨਾਮਿ ਸਮਾਇਆ॥੩॥
ਤੂ ਆਪੇ ਕਰਤਾ ਤੇਰਾ ਕੀਆ ਸਭੁ ਹੋਇ॥
ਤੁਧੁ ਬਿਨੁ ਦੂਜਾ ਅਵਰੁ ਨ ਕੋਇ॥
ਤੂ ਕਰਿ ਕਰਿ ਵੇਖਹਿ ਜਾਣਹਿ ਸੋਇ॥
ਜਨ ਨਾਨਕ ਗੁਰਮੁਖਿ ਪਰਗਟੁ ਹੋਇ॥੪॥੨॥
ਆਸਾ ਮਹਲਾ ੧॥
ਤਿਤੁ ਸਰਵਰੜੈ ਭਈਲੇ ਨਿਵਾਸਾ
ਪਾਣੀ ਪਾਵਕੁ ਤਿਨਹਿ ਕੀਆ॥
ਪੰਕ ਜੁ ਮੋਹ ਪਗੁ ਨਹੀ ਚਾਲੈ
ਹਮ ਦੇਖਾ ਤਹ ਡੂਬੀਅਲੇ॥੧॥
ਮਨ ਏਕੁ ਨ ਚੇਤਸਿ ਮੂੜ ਮਨਾ॥
ਹਰਿ ਬਿਸਰਤ
ਤੇਰੇ ਗੁਣ ਗਲਿਆ॥੧॥ਰਹਾਉ॥
ਨਾ ਹਉ ਜਤੀ ਸਤੀ ਨਹੀ ਪੜਿਆ
ਮੂਰਖ ਮੁਗਧਾ ਜਨਮੁ ਭਇਆ॥

ਪ੍ਰਣਵਤਿ ਨਾਨਕ ਤਿਨ ਕੀ ਸਰਣਾ
ਜਿਨ ਤੂੰ ਨਾਹੀ ਵੀਸਰਿਆ॥੨॥੩॥

ਆਸਾ ਮਹਲਾ ੫॥

ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥
ਅਵਰਿ ਕਾਜ ਤੇਰੈ ਕਿਤੈ ਨ ਕਾਮ॥
ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ॥੧॥
ਸਰੰਜਾਮਿ ਲਾਗੁ ਭਵਜਲ ਤਰਨ ਕੈ॥
ਜਨਮੁ ਬ੍ਰਿਥਾ ਜਾਤ
ਰੰਗਿ ਮਾਇਆ ਕੈ॥੧॥ਰਹਾਉ॥
ਜਪੁ ਤਪੁ ਸੰਜਮੁ ਧਰਮੁ ਨ ਕਮਾਇਆ॥
ਸੇਵਾ ਸਾਧ ਨ ਜਾਨਿਆ ਹਰਿ ਰਾਇਆ॥
ਕਹੁ ਨਾਨਕ ਹਮ ਨੀਚ ਕਰੰਮਾ॥
ਸਰਣਿ ਪਰੇ ਕੀ ਰਾਖਹੁ ਸਰਮਾ॥੨॥੪॥

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

ਪਾਤਸਾਹੀ ੧੦॥ ਚੌਪਈ॥

ਪੁਨਿ ਰਾਛਸ ਕਾ ਕਾਟਾ ਸੀਸਾ॥
ਸ੍ਰੀ ਅਸਿਕੇਤ ਜਗਤ ਕੇ ਈਸਾ॥
ਪੁਹਪਨ ਬ੍ਰਿਸਟਿ ਗਗਨ ਤੇਂ ਭਈ॥
ਸਭਹਿੱਨ ਆਨਿ ਬਧਾਈ ਦਈ॥੧॥
ਧੰਨ੍ਯ ਧੰਨ੍ਯ ਲੋਗਨ ਕੇ ਰਾਜਾ॥
ਦੁਸਟਨ ਦਾਹ ਗਰੀਬ ਨਿਵਾਜਾ॥
ਅਖਲ ਭਵਨ ਕੇ ਸਿਰਜਨਹਾਰੇ॥
ਦਾਸ ਜਾਨਿ ਮੁਹਿ ਲੇਹੁ ਉਬਾਰੇ॥੨॥

ਕਬਯੋ ਬਾਚ ਬੇਨਤੀ॥ ਚੌਪਈ॥

ਹਮਰੀ ਕਰੋ ਹਾਥ ਦੈ ਰੱਛਾ॥
ਪੂਰਨ ਹੋਇ ਚਿੱਤ ਕੀ ਇੱਛਾ॥
ਤਵ ਚਰਨਨ ਮਨ ਰਹੈ ਹਮਾਰਾ॥

ਅਪਨਾ ਜਾਨ ਕਰੋ ਪ੍ਰਤਿਪਾਰਾ॥੩॥
ਹਮਰੇ ਦੁਸਟ ਸਭੈ ਤੁਮ ਘਾਵਹੁ॥
ਆਪੁ ਹਾਥ ਦੈ ਮੋਹਿ ਬਚਾਵਹੁ॥
ਸੁਖੀ ਬਸੈ ਮੋਰੋ ਪਰਿਵਾਰਾ॥
ਸੇਵਕਿ ਸਿੱਖ੍ਯ ਸਭੈ ਕਰਤਾਰਾ॥੪॥
ਮੋ ਰੱਛਾ ਨਿਜੁ ਕਰ ਦੈ ਕਰਿਯੈ॥
ਸਭ ਬੈਰਿਨ ਕੌ ਆਜ ਸੰਘਰਿਯੈ॥
ਪੂਰਨ ਹੋਇ ਹਮਾਰੀ ਆਸਾ॥
ਤੋਰਿ ਭਜਨ ਕੀ ਰਹੈ ਪ੍ਯਾਸਾ॥੫॥
ਤੁਮਹਿ ਛਾਡਿ ਕੋਈ ਅਵਰ ਨ ਧ੍ਯਾਊਂ॥
ਜੋ ਬਰ ਚਾਹੌਂ ਸੁ ਤੁਮ ਤੇ ਪਾਊਂ॥
ਸੇਵਕ ਸਿੱਖ੍ਯ ਹਮਾਰੇ ਤਾਰਿਯਹਿ॥
ਚੁਨਿ ਚੁਨਿ ਸੱਤ੍ਰੁ ਹਮਾਰੇ ਮਾਰਿਯਹਿ॥੬॥
ਆਪੁ ਹਾਥ ਦੈ ਮੁਝੈ ਉਬਰਿਯੈ॥
ਮਰਨ ਕਾਲ ਕਾ ਤ੍ਰਾਸ ਨਿਵਰਿਯੈ॥

ਹੂਜੋ ਸਦਾ ਹਮਾਰੇ ਪੱਛਾ॥
ਸ੍ਰੀ ਅਸਿਧੁਜ ਜੂ ਕਰਿਯਹੁ ਰੱਛਾ॥੭॥
ਰਾਖਿ ਲੇਹੁ ਮੁਹਿ ਰਾਖਨਹਾਰੇ॥
ਸਾਹਿਬ ਸੰਤ ਸਹਾਇ ਪਯਾਰੇ॥
ਦੀਨ ਬੰਧ ਦੁਸਟਨ ਕੇ ਹੰਤਾ॥
ਤੁਮਹੋ ਪੁਰੀ ਚਤੁਰ ਦਸ ਕੰਤਾ॥੮॥
ਕਾਲ ਪਾਇ ਬ੍ਰਹਮਾ ਬਪੁ ਧਰਾ॥
ਕਾਲ ਪਾਇ ਸਿਵਜੂ ਅਵਤਰਾ॥
ਕਾਲ ਪਾਇ ਕਰਿ ਬਿਸਨ ਪ੍ਰਕਾਸਾ॥
ਸਕਲ ਕਾਲ ਕਾ ਕਿਯਾ ਤਮਾਸਾ॥੯॥
ਜਵਨ ਕਾਲ ਜੋਗੀ ਸਿਵ ਕੀਯੋ॥
ਬੇਦ ਰਾਜ ਬ੍ਰਹਮਾ ਜੂ ਥੀਯੋ॥
ਜਵਨ ਕਾਲ ਸਭ ਲੋਕ ਸਵਾਰਾ॥
ਨਮਸਕਾਰ ਹੈ ਤਾਹਿ ਹਮਾਰਾ॥੧੦॥
ਜਵਨ ਕਾਲ ਸਭ ਜਗਤ ਬਨਾਯੋ॥

ਦੇਵ ਦੈਤ ਜੱਛਨ ਉਪਜਾਯੋ॥
ਆਦਿ ਅੰਤਿ ਏਕੈ ਅਵਤਾਰਾ॥
ਸੋਈ ਗੁਰੂ ਸਮਝਿਯਹੁ ਹਮਾਰਾ॥੧੧॥
ਨਮਸਕਾਰ ਤਿਸਹੀ ਕੋ ਹਮਾਰੀ॥
ਸਕਲ ਪ੍ਰਜਾ ਜਿਨ ਆਪ ਸਵਾਰੀ॥
ਸਿਵਕਨ ਕੋ ਸਵ ਗੁਨ ਸੁਖ ਦੀਯੋ॥
ਸਤ੍ਰਨ ਕੋ ਪਲ ਮੋ ਬਧ ਕੀਯੋ॥੧੨॥
ਘਟ ਘਟ ਕੇ ਅੰਤਰ ਕੀ ਜਾਨਤ॥
ਭਲੇ ਬੁਰੇ ਕੀ ਪੀਰ ਪਛਾਨਤ॥
ਚੀਟੀ ਤੇ ਕੁੰਚਰ ਅਸਥੂਲਾ॥
ਸਭ ਪਰ ਕ੍ਰਿਪਾ ਦ੍ਰਿਸਟਿ ਕਰਿ ਫੂਲਾ॥੧੩॥
ਸੰਤਨ ਦੁਖ ਪਾਏ ਤੇ ਦੁਖੀ॥
ਸੁਖ ਪਾਏ ਸਾਧਨ ਕੇ ਸੁਖੀ॥
ਏਕ ਏਕ ਕੀ ਪੀਰ ਪਛਾਨੈ॥
ਘਟ ਘਟ ਕੇ ਪਟ ਪਟ ਕੀ ਜਾਨੈ॥੧੪॥

ਜਬ ਉਦਕਰਖ ਕਰਾ ਕਰਤਾਰਾ॥
ਪ੍ਰਜਾ ਧਰਤ ਤਬ ਦੇਹ ਅਪਾਰਾ॥
ਜਬ ਆਕਰਖ ਕਰਤ ਹੋ ਕਬਹੂੰ॥
ਤੁਮ ਮੈ ਮਿਲਤ ਦੇਹ ਧਰ ਸਭਹੂੰ॥੧੫॥
ਜੇਤੇ ਬਦਨ ਸ੍ਰਿਸਟਿ ਸਭ ਧਾਰੈ॥
ਆਪੁ ਆਪਨੀ ਬੂਝਿ ਉਚਾਰੈ॥
ਤੁਮ ਸਭਹੀ ਤੇ ਰਹਤ ਨਿਰਾਲਮ॥
ਜਾਨਤ ਬੇਦ ਭੇਦ ਅਰ ਆਲਮ॥੧੬॥
ਨਿਰੰਕਾਰ ਨ੍ਰਿਬਿਕਾਰ ਨ੍ਰਿਲੰਭ॥
ਆਦਿ ਅਨੀਲ ਅਨਾਦਿ ਅਸੰਭ॥
ਤਾ ਕਾ ਮੂੜ੍ਹ ਉਚਾਰਤ ਭੇਦਾ॥
ਜਾ ਕੋ ਭੇਵ ਨ ਪਾਵਤ ਬੇਦਾ॥੧੭॥
ਤਾ ਕੌ ਕਰਿ ਪਾਹਨ ਅਨੁਮਾਨਤ॥
ਮਹਾ ਮੂੜ੍ਹ ਕਛੁ ਭੇਦ ਨ ਜਾਨਤ॥
ਮਹਾਂਦੇਵ ਕੌ ਕਹਤ ਸਦਾ ਸਿਵ॥

ਨਿਰੰਕਾਰ ਕਾ ਚੀਨਤ ਨਹਿ ਭਿਵ ॥੧੮॥
ਆਪੁ ਆਪੁਨੀ ਬੁਧਿ ਹੈ ਜੇਤੀ॥
ਬਰਨਤ ਭਿੰਨ ਭਿੰਨ ਤੁਹਿ ਤੇਤੀ॥
ਤੁਮਰਾ ਲਖਾ ਨ ਜਾਇ ਪਸਾਰਾ॥
ਕਿਹੱ ਬਿਧਿ ਸਜਾ ਪ੍ਰਥਮ ਸੰਸਾਰਾ॥੧੯॥
ਏਕੈ ਰੂਪ ਅਨੂਪ ਸਰੂਪਾ॥
ਰੰਕ ਭਯੋ ਰਾਵ ਕਹੀ ਭੂਪਾ॥
ਅੰਡਜ ਜੇਰਜ ਸੇਤਜ ਕੀਨੀ॥
ਉਤਭੁਜ ਖਾਨਿ ਬਹੁਰਿ ਰਚਿ ਦੀਨੀ॥੨੦॥
ਕਹੂੰ ਫੂਲਿ ਰਾਜਾ ਹ੍ਵੈ ਬੈਠਾ॥
ਕਹੂੰ ਸਿਮਟਿ ਭਯੋ ਸੰਕਰ ਇਕੈਠਾ॥
ਸਿਗਰੀ ਸ੍ਰਿਸਟਿ ਦਿਖਾਇ ਅਚੰਭਵ॥
ਆਦਿ ਜੁਗਾਦਿ ਸਰੂਪ ਸੁਯੰਭਵ॥੨੧॥
ਅਬ ਰੱਛਾ ਮੇਰੀ ਤੁਮ ਕਰੋ॥
ਸਿੱਖ੍ਯ ਉਬਾਰਿ ਅਸਿੱਖ੍ਯ ਸੰਘਰੋ॥

ਦੁਸਟ ਜਿਤੇ ਉਠਵਤ ਉਤਪਾਤਾ॥
ਸਕਲ ਮਲੇਛ ਕਰੋ ਰਣ ਘਾਤਾ॥੨੨॥
ਜੇ ਅਸਿਧੁਜ ਤਵ ਸਰਨੀ ਪਰੇ॥
ਤਿਨ ਕੇ ਦੁਸਟੁ ਦੁਖਿਤ ਹ੍ਵੈ ਮਰੇ॥
ਪੁਰਖ ਜਵਨ ਪਗੁ ਪਰੇ ਤਿਹਾਰੇ॥
ਤਿਨ ਕੇ ਤੁਮ ਸੰਕਟ ਸਭ ਟਾਰੇ॥੨੩॥
ਜੋ ਕਲਿ ਕੌ ਇਕ ਬਾਰ ਧਿਐ ਹੈ॥
ਤਾ ਕੇ ਕਾਲ ਨਿਕਟ ਨਹਿ ਐਹੈ॥
ਰੱਛਾ ਹੋਇ ਤਾਹਿ ਸਭ ਕਾਲਾ॥
ਦੁਸਟ ਅਰਿਸਟ ਟਰੇ ਤਤਕਾਲਾ॥੨੪॥
ਕ੍ਰਿਪਾ ਦ੍ਰਿਸਟਿ ਤਨ ਜਾਂਹਿ ਨਿਹਰਿਹੋ॥
ਤਾ ਕੇ ਤਾਪ ਤਨਿਕ ਮਹਿ ਹਰਿਹੋ॥
ਰਿੱਧਿ ਸਿੱਧਿ ਘਰ ਮੋਂ ਸਭ ਹੋਈ॥
ਦੁਸਟ ਛਾਹ ਛ੍ਵੈ ਸਕੈ ਨ ਕੋਈ॥੨੫॥
ਏਕ ਬਾਰ ਜਿਨ ਤੁਮੈਂ ਸੰਭਾਰਾ॥

ਕਾਲ ਫਾਂਸ ਤੇ ਤਾਹਿ ਉਬਾਰਾ॥
ਜਿਨ ਨਰ ਨਾਮ ਤਿਹਾਰੋ ਕਹਾ॥
ਦਾਰਿਦ ਦੂਸਟ ਦੋਖ ਤੇ ਰਹਾ॥੨੬॥
ਖੜਗਕੇਤ ਮੈਂ ਸਰਨਿ ਤਿਹਾਰੀ॥
ਆਪੁ ਹਾਥ ਦੈ ਲੇਹੁ ਉਬਾਰੀ॥
ਸਰਬ ਠੌਰ ਮੋ ਹੋਹੁ ਸਹਾਈ॥
ਦੁਸਟ ਦੋਖ ਤੇ ਲੇਹੁ ਬਚਾਈ॥੨੭॥
ਕ੍ਰਿਪਾ ਕਰੀ ਹਮ ਪਰ ਜਗ ਮਾਤਾ॥
ਗ੍ਰੰਥ ਕਰਾ ਪੂਰਨ ਸੁਭ ਰਾਤਾ॥
ਕਿਲਬਿਖ ਸਕਲ ਦੇਹ ਕੋ ਹਰਤਾ॥
ਦੁਸਟ ਦੋਖਿਯਨ ਕੌ ਛੈ ਕਰਤਾ॥੨੮॥
ਸ੍ਰੀ ਅਸਿਧੁਜ ਜਬ ਭਏ ਦਿਆਲਾ॥
ਪੂਰਨ ਕਰਾ ਗ੍ਰੰਥ ਤਤਕਾਲਾ॥
ਮਨ ਬਾਂਛਤ ਫਲ ਪਾਵੈ ਸੋਈ॥
ਦੂਖ ਨ ਤਿਸੈ ਬਿਆਪਤ ਕੋਈ॥੨੯॥

ਅੜਿਲ॥

ਸੁਨੈ ਗੁੰਗ ਜੋ ਯਾਹਿ
ਸੁ ਰਸਨਾ ਪਾਵਈ॥
ਸੁਨੈ ਮੂੜ ਚਿਤ ਲਾਇ
ਚਤੁਰਤਾ ਆਵਈ॥
ਦੂਖ ਦਰਦ ਭੌ
ਨਿਕਟ ਨ ਤਿਨ ਨਰ ਕੇ ਰਹੈ॥
ਹੋ ਜੋ ਯਾ ਕੀ
ਏਕ ਬਾਰ ਚੌਪਈ ਕੋ ਕਹੈ॥੩੦॥

ਚੌਪਈ॥

ਸੰਬਤ ਸੱਤ੍ਰਹ ਸਹਸ ਭਣਿੱਜੈ॥
ਅਰਧ ਸਹਸ ਫੁਨਿ ਤੀਨਿ ਕਹਿੱਜੈ॥
ਭਾਦ੍ਰਵ ਸੁਦੀ ਅਸਟਮੀ ਰਵਿ ਵਾਰਾ॥
ਤੀਰ ਸਤੁਦ੍ਰਵ ਗ੍ਰੰਥ ਸੁਧਾਰਾ॥੩੧॥
ਇਤਿ ਸ੍ਰੀ ਚਰਿਤ੍ਰੋ ਪਖ੍ਯਾਨੇ

ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ
ਚਾਰਿ ਸੌ ਪਾਂਚ ਚਰਿੱਤ੍ਰ ਸਮਾਪਤ
ਮਸਤੁ ਸੁਭ ਮਸਤੁ ॥੧॥ ਅਫਜੂੰ॥

ਦੋਹਰਾ॥

ਦਾਸ ਜਾਨ ਕਰਿ ਦਾਸ ਪਰਿ
ਕੀਜੈ ਕ੍ਰਿਪਾ ਅਪਾਰ॥
ਆਪ ਹਾਥ ਦੈ ਰਾਖ ਮੁਹਿ
ਮਨ ਕ੍ਰਮ ਬਚਨ ਬਿਚਾਰ॥੧॥

ਚੌਪਈ॥

ਮੈ ਨ ਗਨੇਸਹਿ ਪ੍ਰਿਥਮ ਮਨਾਊਂ॥
ਕਿਸਨ ਬਿਸਨ ਕਬਹੂੰ ਨਹ ਧਿਆਊਂ॥
ਕਾਨ ਸੁਨੇ ਪਹਿਚਾਨ ਨ ਤਿਨ ਸੋ॥
ਲਿਵ ਲਾਗੀ ਮੋਰੀ ਪਗ ਇਨ ਸੋ॥੨॥
ਮਹਾਕਾਲ ਰਖਵਾਰ ਹਮਾਰੋ॥
ਮਹਾ ਲੋਹ ਮੈ ਕਿੰਕਰ ਥਾਰੋ॥

ਅਪਨਾ ਜਾਨ ਕਰੋ ਰਖਵਾਰ॥
ਬਾਹ ਗਹੇ ਕੀ ਲਾਜ ਬਿਚਾਰ॥੩॥
ਅਪਨਾ ਜਾਨ ਮੁਝੈ ਪ੍ਰਿਤਪਰੀਐ॥
ਚੁਨ ਚੁਨ ਸਤ੍ਰ ਹਮਾਰੇ ਮਰੀਐ॥
ਦੇਗ ਤੇਗ ਜਗ ਮੈ ਦੋਊ ਚਲੈ॥
ਰਾਖ ਆਪ ਮੁਹਿ ਅਉਰ ਨ ਦਲੈ॥੪॥
ਤੁਮ ਮਮ ਕਰਹੁ ਸਦਾ ਪ੍ਰਤਪਾਰਾ॥
ਤੁਮ ਸਾਹਿਬੁ ਮੈ ਦਾਸ ਤਿਹਾਰਾ॥
ਜਾਨ ਆਪਨਾ ਮੁਝੈ ਨਿਵਾਜ॥
ਆਪ ਕਰੋ ਹਮਰੇ ਸਭ ਕਾਜ॥੫॥
ਤੁਮ ਹੋ ਸਭ ਰਾਜਨ ਕੇ ਰਾਜਾ॥
ਆਪੇ ਆਪੁ ਗਰੀਬ ਨਿਵਾਜਾ॥
ਦਾਸ ਜਾਨ ਕਰ ਕ੍ਰਿਪਾ ਕਰਹੁ ਮੁਹਿ॥
ਹਾਰ ਪਰਾ ਮੈ ਆਨ ਦ੍ਵਾਰ ਤੁਹਿ॥੬॥
ਅਪਨਾ ਜਾਨ ਕਰੋ ਪ੍ਰਤਿਪਾਰਾ॥

ਤੁਮ ਸਾਹਿਬੁ ਮੈ ਕਿੰਕਰ ਥਾਰਾ॥
ਦਾਸ ਜਾਨ ਦੈ ਹਾਥ ਉਬਾਰੋ॥
ਹਮਰੇ ਸਭ ਬੈਰੀਅਨ ਸੰਘਾਰੋ॥੭॥
ਪ੍ਰਥਮ ਧਰੋ ਭਗਵਤ ਕੋ ਧਯਾਨਾ॥
ਬਹੁਰ ਕਰੋ ਕਬਿਤਾ ਬਿਧਿ ਨਾਨਾ॥
ਕਿਸਨ ਜਥਾ ਮਤ ਚਰਿਤ੍ਰ ਉਚਾਰੋ॥
ਚੂਕ ਹੋਇ ਕਬਿ ਲੇਹੁ ਸੁਧਾਰੋ॥੮॥

ਕਬਿ ਬਾਚ॥ ਦੋਹਰਾ॥

ਜੋ ਨਿਜ ਪ੍ਰਭ ਮੋ ਸੋ ਕਹਾ
ਸੋ ਕਹਿਹੋਂ ਜਗ ਮਾਹਿ॥
ਜੋ ਤਿਹ ਪ੍ਰਭ ਕੌ ਧਿਆਇ ਹੈ
ਅੰਤ ਸੁਰਗ ਕੋ ਜਾਹਿ॥੧॥

ਦੋਹਰਾ॥

ਹਰਿ ਹਰਿਜਨ ਦੁਈ ਏਕ ਹੈ
ਬਿਬ ਬਿਚਾਰ ਕਛੁ ਨਾਹਿ॥

ਜਲ ਤੇ ਉਪਜ ਤਰੰਗ ਜਿਉ
ਜਲ ਹੀ ਬਿਖੈ ਸਮਾਹਿ॥੨॥

ਦੋਹਰਾ॥

ਜਬ ਆਇਸੁ ਪ੍ਰਭ ਕੋ ਭਯੋ
ਜਨਮੁ ਧਰਾ ਜਗ ਆਇ॥
ਅਬ ਮੈ ਕਥਾ ਸੰਛੇਪਤੇ
ਸਭਹੂੰ ਕਹਤ ਸੁਨਾਇ॥੩॥

ਕਬਿ ਬਾਚ॥ ਦੋਹਰਾ॥

ਠਾਢ ਭਯੋ ਮੈ ਜੋਰਿ ਕਰਿ
ਬਚਨ ਕਹਾ ਸਿਰ ਨਿਯਾਇ॥
ਪੰਥ ਚਲੈ ਤਬ ਜਗਤ ਮੈ
ਜਬ ਤੁਮ ਕਰਹੁ ਸਹਾਇ॥੪॥

ਦੋਹਰਾ॥

ਜੇ ਜੇ ਤੁਮਰੇ ਧਿਆਨ ਕੋ
ਨਿਤ ਉਠਿ ਧਿਐਂਹੈ ਸੰਤ॥

ਅੰਤ ਲਹੈਗੇ ਮੁਕਤ ਫਲੁ
ਪਾਵਹਿਗੇ ਭਗਵੰਤ॥੫॥

ਦੋਹਰਾ॥

ਕਾਲ ਪੁਰਖ ਕੀ ਦੇਹਿ ਮੋ
ਕੋਟਿਕ ਬਿਸਨ ਮਹੇਸ॥
ਕੋਟ ਇੰਦ੍ਰ ਬ੍ਰਹਮਾ ਕਿਤੇ
ਰਵ ਸਸਿ ਕ੍ਰੋਰ ਜਲੇਸ॥੬॥

ਦੋਹਰਾ॥

ਰਾਮ ਕਥਾ ਜੁਗ ਜੁਗ ਅਟਲ
ਸਭ ਕੋਈ ਭਾਖਤ ਨੇਤ॥
ਸੁਰਗ ਬਾਸ ਰਘੁਬਰ ਕਰਾ
ਸਗਰੀ ਪੁਰੀ ਸਮੇਤ॥੭॥

ਚੌਪਈ॥

ਜੋ ਇਹ ਕਥਾ ਸੁਨੈ ਅਰੁ ਗਾਵੈ॥
ਦੂਖ ਪਾਪ ਤਿਹ ਨਿਕਟ ਨ ਆਵੈ॥

ਬਿਸਨ ਭਗਤ ਕੀਏ ਫਲ ਹੋਈ॥

ਆਧਿ ਬਯਾਧਿ ਛ੍ਵੈ ਸਕੈ ਨ ਕੋਈ॥੮॥

ਸੰਮਤ ਸੱਤ੍ਰਹ ਸਹਸ ਪਚਾਵਨ॥

ਹਾੜ ਵਦੀ ਪ੍ਰਿਥਮ ਸੁਖ ਦਾਵਨ॥

ਤ੍ਵ ਪ੍ਰਸਾਦਿ ਕਰਿ ਗ੍ਰੰਥ ਸੁਧਾਰਾ॥

ਭੂਲ ਪਰੀ ਲਹੁ ਲੇਹੁ ਸੁਧਾਰਾ॥੯॥

ਦੋਹਰਾ॥

ਨੇਤ੍ਰ ਤੁੰਗ ਕੇ ਚਰਨ ਤਰ

ਸਤਦ੍ਰੱਵ ਤੀਰ ਤਰੰਗ॥

ਸ੍ਰੀ ਭਗਵਤ ਪੂਰਨ ਕੀਯੋ

ਰਘੁਬਰ ਕਥਾ ਪ੍ਰਸੰਗ॥੧੦॥

ਸਾਧ ਅਸਾਧ ਜਾਨੋ ਨਹੀ

ਬਾਦ ਸੁਬਾਦ ਬਿਬਾਦ॥

ਗ੍ਰੰਥ ਸਕਲ ਪੂਰਣ ਕੀਯੋ

ਭਗਵਤ ਕ੍ਰਿਪਾ ਪ੍ਰਸਾਦਿ॥੧੧॥

ਸ੍ਵੈਯਾ॥

ਪਾਇ ਗਹੇ ਜਬ ਤੇ ਤੁਮਰੇ
ਤਬ ਤੇ ਕੋਊ ਆਖ ਤਰੇ ਨਹੀ ਆਨਯੋ॥
ਰਾਮ ਰਹੀਮ ਪੁਰਾਨ ਕੁਰਾਨ
ਅਨੇਕ ਕਹੈਂ ਮਤ ਏਕ ਨ ਮਾਨਯੋ॥
ਸਿੰਮ੍ਰਿਤਿ ਸਾਸਤ੍ਰ ਬੇਦ ਸਬੈ
ਬਹੁ ਭੇਦ ਕਹੈ ਹਮ ਏਕ ਨ ਜਾਨਯੋ॥
ਸ੍ਰੀ ਅਸਪਾਨ ਕ੍ਰਿਪਾ ਤੁਮਰੀ ਕਰਿ
ਮੈ ਨ ਕਹਯੋ
ਸਬ ਤੋਹਿ ਬਖਾਨਯੋ॥੧੨॥੮੬੩॥

ਦੋਹਰਾ॥

ਸਗਲ ਦੁਆਰ ਕਉ ਛਾਡਿ ਕੈ
ਗਹਯੋ ਤੁਹਾਰੋ ਦੁਆਰ॥
ਬਾਂਹਿ ਗਹੇ ਕੀ ਲਾਜ ਅਸ
ਗੋਬਿੰਦ ਦਾਸ ਤੁਹਾਰ॥੧੩॥੮੬੪॥

# ਰਾਮਕਲੀ ਮਹਲਾ ੩ ਅਨੰਦੁ

ੴ ਸਤਿਗੁਰ ਪ੍ਰਸਾਦਿ॥

ਅਨੰਦੁ ਭਇਆ ਮੇਰੀ ਮਾਏ
ਸਤਿਗੁਰੂ ਮੈ ਪਾਇਆ॥
ਸਤਿਗੁਰੁ ਤ ਪਾਇਆ ਸਹਜ ਸੇਤੀ
ਮਨਿ ਵਜੀਆ ਵਾਧਾਈਆ॥
ਰਾਗ ਰਤਨ ਪਰਵਾਰ ਪਰੀਆ
ਸਬਦ ਗਾਵਣ ਆਈਆ॥
ਸਬਦੋ ਤ ਗਾਵਹੁ ਹਰੀ ਕੇਰਾ
ਮਨਿ ਜਿਨੀ ਵਸਾਇਆ॥
ਕਹੈ ਨਾਨਕੁ ਅਨੰਦੁ ਹੋਆ
ਸਤਿਗੁਰੂ ਮੈ ਪਾਇਆ॥੧॥
ਏ ਮਨ ਮੇਰਿਆ
ਤੂ ਸਦਾ ਰਹੁ ਹਰਿ ਨਾਲੇ॥

ਹਰਿ ਨਾਲਿ ਰਹੁ ਤੂ ਮੰਨ ਮੇਰੇ
ਦੂਖ ਸਭਿ ਵਿਸਾਰਣਾ॥
ਅੰਗੀਕਾਰੁ ਓਹੁ ਕਰੇ ਤੇਰਾ
ਕਾਰਜ ਸਭਿ ਸਵਾਰਣਾ॥
ਸਭਨਾ ਗਲਾ ਸਮਰਥੁ ਸੁਆਮੀ
ਸੋ ਕਿਉ ਮਨਹੁ ਵਿਸਾਰੇ॥
ਕਹੈ ਨਾਨਕੁ ਮੰਨ ਮੇਰੇ
ਸਦਾ ਰਹੁ ਹਰਿ ਨਾਲੇ॥੨॥
ਸਾਚੇ ਸਾਹਿਬਾ
ਕਿਆ ਨਾਹੀ ਘਰਿ ਤੇਰੈ॥
ਘਰਿ ਤ ਤੇਰੈ ਸਭੁ ਕਿਛੁ ਹੈ
ਜਿਸੁ ਦੇਹਿ ਸੁ ਪਾਵਏ॥
ਸਦਾ ਸਿਫਤਿ ਸਲਾਹ ਤੇਰੀ
ਨਾਮੁ ਮਨਿ ਵਸਾਵਏ॥
ਨਾਮੁ ਜਿਨ ਕੈ ਮਨਿ ਵਸਿਆ

ਵਾਜੇ ਸਬਦ ਘਨੇਰੇ॥
ਕਹੈ ਨਾਨਕੁ ਸਚੇ ਸਾਹਿਬ
ਕਿਆ ਨਾਹੀ ਘਰਿ ਤੇਰੈ॥੩॥
ਸਾਚਾ ਨਾਮੁ ਮੇਰਾ ਆਧਾਰੋ॥
ਸਾਚੁ ਨਾਮੁ ਅਧਾਰੁ ਮੇਰਾ
ਜਿਨਿ ਭੁਖਾ ਸਭਿ ਗਵਾਈਆ॥
ਕਰਿ ਸਾਂਤਿ ਸੁਖ ਮਨਿ ਆਇ ਵਸਿਆ
ਜਿਨਿ ਇਛਾ ਸਭਿ ਪੁਜਾਈਆ॥
ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ
ਜਿਸ ਦੀਆ ਏਹਿ ਵਡਿਆਈਆ॥
ਕਹੈ ਨਾਨਕੁ ਸੁਣਹੁ ਸੰਤਹੁ
ਸਬਦਿ ਧਰਹੁ ਪਿਆਰੋ॥
ਸਾਚਾ ਨਾਮੁ ਮੇਰਾ ਆਧਾਰੋ॥੪॥
ਵਾਜੇ ਪੰਚ ਸਬਦ
ਤਿਤੁ ਘਰਿ ਸਭਾਗੈ॥

ਘਰਿ ਸਭਾਗੈ ਸਬਦ ਵਾਜੇ
ਕਲਾ ਜਿਤੁ ਘਰਿ ਧਾਰੀਆ॥
ਪੰਚ ਦੂਤ ਤੁਧੁ ਵਸਿ ਕੀਤੇ
ਕਾਲੁ ਕੰਟਕੁ ਮਾਰਿਆ॥
ਧੁਰਿ ਕਰਮਿ ਪਾਇਆ ਤੁਧੁ ਜਿਨ ਕਉ
ਸਿ ਨਾਮਿ ਹਰਿ ਕੈ ਲਾਗੇ॥
ਕਹੈ ਨਾਨਕੁ ਤਹ ਸੁਖੁ ਹੋਆ
ਤਿਤੁ ਘਰਿ ਅਨਹਦ ਵਾਜੇ॥੫॥
ਅਨਦੁ ਸੁਣਹੁ ਵਡਭਾਗੀਹੋ
ਸਗਲ ਮਨੋਰਥ ਪੂਰੇ॥
ਪਾਰਬ੍ਰਹਮੁ ਪ੍ਰਭੁ ਪਾਇਆ
ਉਤਰੇ ਸਗਲ ਵਿਸੂਰੇ॥
ਦੂਖ ਰੋਗ ਸੰਤਾਪ ਉਤਰੇ
ਸੁਣੀ ਸਚੀ ਬਾਣੀ॥
ਸੰਤ ਸਾਜਨ ਭਏ ਸਰਸੇ

ਪੂਰੇ ਗੁਰ ਤੇ ਜਾਣੀ॥
ਸੁਣਤੇ ਪੁਨੀਤ ਕਹਤੇ ਪਵਿਤੁ
ਸਤਿਗੁਰੁ ਰਹਿਆ ਭਰਪੂਰੇ॥
ਬਿਨਵੰਤਿ ਨਾਨਕੁ ਗੁਰ ਚਰਣ ਲਾਗੇ
ਵਾਜੇ ਅਨਹਦ ਤੂਰੇ॥੪੦॥੧॥

ਮੁੰਦਾਵਣੀ ਮਹਲਾ ੫॥

ਥਾਲ ਵਿਚਿ ਤਿੰਨਿ ਵਸਤੂ ਪਈਓ
ਸਤੁ ਸੰਤੋਖੁ ਵੀਚਾਰੋ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ
ਜਿਸ ਕਾ ਸਭਸੁ ਅਧਾਰੋ॥
ਜੇ ਕੋ ਖਾਵੈ ਜੇ ਕੋ ਭੁੰਚੈ
ਤਿਸ ਕਾ ਹੋਇ ਉਧਾਰੋ॥
ਏਹ ਵਸਤੁ ਤਜੀ ਨਹ ਜਾਈ
ਨਿਤ ਨਿਤ ਰਖੁ ਉਰਿ ਧਾਰੋ॥
ਤਮ ਸੰਸਾਰੁ ਚਰਨ ਲਗਿ ਤਰੀਐ

ਸਭੁ ਨਾਨਕ ਬ੍ਰਹਮ ਪਸਾਰੋ॥੧॥

ਸਲੋਕ ਮਹਲਾ ੫॥

ਤੇਰਾ ਕੀਤਾ ਜਾਤੋ ਨਾਹੀ
ਮੈਨੋ ਜੋਗੁ ਕੀਤੋਈ॥
ਮੈ ਨਿਰਗੁਣਿਆਰੇ ਕੋ ਗੁਣੁ ਨਾਹੀ
ਆਪੇ ਤਰਸੁ ਪਇਓਈ॥
ਤਰਸੁ ਪਇਆ ਮਿਹਰਾਮਤਿ ਹੋਈ
ਸਤਿਗੁਰੁ ਸਜਣੁ ਮਿਲਿਆ॥
ਨਾਨਕ ਨਾਮੁ ਮਿਲੈ ਤਾਂ ਜੀਵਾਂ
ਤਨੁ ਮਨੁ ਥੀਵੈ ਹਰਿਆ॥੧॥

ਪਉੜੀ॥

ਤਿਥੈ ਤੂ ਸਮਰਥੁ
ਜਿਥੈ ਕੋਇ ਨਾਹਿ॥
ਓਥੈ ਤੇਰੀ ਰਖ
ਅਗਨੀ ਉਦਰ ਮਾਹਿ॥

ਸੁਣਿਕੈ ਜਮ ਕੇ ਦੂਤ
ਨਾਇ ਤੇਰੈ ਛਡਿ ਜਾਹਿ॥
ਭਉਜਲੁ ਬਿਖਮੁ ਅਸਗਾਹੁ
ਗੁਰ ਸਬਦੀ ਪਾਰਿ ਪਾਹਿ॥
ਜਿਨ ਕਉ ਲਗੀ ਪਿਆਸ
ਅੰਮ੍ਰਿਤੁ ਸੇਇ ਖਾਹਿ॥
ਕਲਿ ਮਹਿ ਏਹੋ ਪੁੰਨੁ
ਗੁਣ ਗੋਵਿੰਦ ਗਾਹਿ॥
ਸਭਸੈ ਨੋ ਕਿਰਪਾਲੁ
ਸਮ੍ਹਾਲੇ ਸਾਹਿ ਸਾਹਿ॥
ਬਿਰਥਾ ਕੋਇ ਨ ਜਾਇ
ਜਿ ਆਵੈ ਤੁਧੁ ਆਹਿ॥੯॥

ਸਲੋਕੁ ਮ: ੫॥

ਅੰਤਰਿ ਗੁਰੁ ਆਰਾਧਣਾ
ਜਿਹਵਾ ਜਪਿ ਗੁਰ ਨਾਉ॥

ਨੇਤ੍ਰੀ ਸਤਿਗੁਰੁ ਪੇਖਣਾ

ਸ੍ਰਵਣੀ ਸੁਨਣਾ ਗੁਰ ਨਾਉ॥

ਸਤਿਗੁਰ ਸੇਤੀ ਰਤਿਆ

ਦਰਗਹ ਪਾਈਐ ਠਾਉ॥

ਕਹੁ ਨਾਨਕ ਕਿਰਪਾ ਕਰੇ

ਜਿਸਨੋ ਏਹ ਵਥੁ ਦੇਇ॥

ਜਗ ਮਹਿ ਉਤਮ ਕਾਢੀਅਹਿ

ਵਿਰਲੇ ਕੇਈ ਕੇਇ॥੧॥

ਮ: ੫॥

ਰਖੇ ਰਖਣਹਾਰਿ

ਆਪਿ ਉਬਾਰਿਅਨੁ॥

ਗੁਰ ਕੀ ਪੈਰੀ ਪਾਇ

ਕਾਜ ਸਵਾਰਿਅਨੁ॥

ਹੋਆ ਆਪਿ ਦਇਆਲੁ

ਮਨਹੁ ਨ ਵਿਸਾਰਿਅਨੁ॥

ਸਾਧ ਜਨਾ ਕੈ ਸੰਗਿ
ਭਵਜਲੁ ਤਾਰਿਅਨੁ॥
ਸਾਕਤ ਨਿੰਦਕ ਦੁਸਟ
ਖਿਨ ਮਾਹਿ ਬਿਦਾਰਿਅਨੁ॥
ਤਿਸੁ ਸਾਹਿਬ ਕੀ ਟੇਕ
ਨਾਨਕ ਮਨੈ ਮਾਹਿ॥
ਜਿਸੁ ਸਿਮਰਤ ਸੁਖੁ ਹੋਇ
ਸਗਲੇ ਦੂਖ ਜਾਹਿ॥੨॥

# ਅਰਦਾਸਿ

ਤੂ ਠਾਕੁਰੁ ਤੁਮ ਪਹਿ ਅਰਦਾਸਿ॥
ਜੀਉ ਪਿੰਡੁ ਸਭੁ ਤੇਰੀ ਰਾਸਿ॥
ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥
ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ॥
ਕੋਇ ਨ ਜਾਨੈ ਤੁਮਰਾ ਅੰਤੁ॥
ਊਚੇ ਤੇ ਊਚਾ ਭਗਵੰਤ॥
ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ॥
ਤੁਮ ਤੇ ਹੋਇ ਸੁ ਆਗਿਆਕਾਰੀ॥
ਤੁਮਰੀ ਗਤਿ ਮਿਤਿ ਤੁਮਹੀ ਜਾਨੀ॥
ਨਾਨਕ ਦਾਸ ਸਦਾ ਕੁਰਬਾਨੀ॥੮॥੪॥

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ॥

ਸ੍ਰੀ ਭਗਉਤੀ ਜੀ ਸਹਾਇ॥

ਵਾਰ ਸ੍ਰੀ ਭਗਉਤੀ ਜੀ ਕੀ॥

ਪਾਤਿਸਾਹੀ ੧੦॥

ਪ੍ਰਿਥਮ ਭਗੌਤੀ ਸਿਮਰਕੈ ਗੁਰ ਨਾਨਕ ਲਈਂ ਧਿਆਇ॥ ਫਿਰ ਅੰਗਦ ਗੁਰ ਤੇ ਅਮਰਦਾਸ ਰਾਮਦਾਸੈ ਹੋਈ ਸਹਾਇ॥ਅਰਜਨ ਹਰਿਗੋਬਿੰਦ ਨੂ ਸਿਮਰੌ ਸ੍ਰੀ ਹਰਿਰਾਇ॥ ਸ੍ਰੀ ਹਰਿਕ੍ਰਿਸਨ ਧਿਆਈਐ ਜਿਸੁ ਡਿੱਠੇ ਸਭ ਦੁਖ ਜਾਇ॥ ਤੇਗ ਬਹਾਦਰ ਸਿਮਰੀਐ ਘਰ ਨਉ ਨਿਧ ਆਵੈ ਧਾਇ॥ ਸਭ ਥਾਈਂ ਹੋਇੰ ਸਹਾਇ॥ ਦਸਵੇਂ ਪਾਤਿਸਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ, ਅੰਮ੍ਰਿਤ ਕੇ ਦਾਤੇ, ਜਗਤ ਗੁਰੂ, ਪੰਥ ਦੇ ਵਾਲੀ, ਸਭ ਥਾਈਂ ਹੋਣਾ ਜੀ ਸਹਾਇ॥

ਦਸੋਂ ਪਾਤਿਸ਼ਾਹੀਆਂ ਕੇ ਗਿਆਨ ਸਰੂਪ, ਜਾਗਦੀ ਜੋਤ, ਕਲਿਜੁਗ ਕੀ ਓਟ, ਬਾਣੀ ਕੇ ਬੋਹਿਥ, ਚਵਰ ਤਖਤ ਦੇ ਮਾਲਕ, ਪ੍ਰਤੱਖ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇ ਪਾਠ ਦਰਸ਼ਨ ਉਪਦੇਸ਼ ਜੀ ਕਾ ਧਿਆਨ ਧਰ ਖਾਲਸਾ ਜੀ ਸਾਹਿਬ ਬੋਲੋ ਜੀ ਵਾਹਿਗੁਰੂ॥

ਸਤਿਗੁਰਾਂ ਦੇ ਪੰਜ ਪਿਆਰੇ, ਪਿਆਰੇ ਦਇਆ ਸਿੰਘ ਜੀ, ਪਿਆਰੇ ਧਰਮ ਸਿੰਘ ਜੀ, ਪਿਆਰੇ ਹਿੰਮਤ ਸਿੰਘ ਜੀ, ਪਿਆਰੇ ਮੁਹਕਮ ਸਿੰਘ ਜੀ, ਪਿਆਰੇ ਸਾਹਿਬ ਸਿੰਘ ਜੀ, ਚਾਰ ਸਾਹਿਬਜ਼ਾਦੇ, ਸਾਹਿਬ ਅਜੀਤ ਸਿੰਘ ਜੀ, ਸਾਹਿਬ ਜੁਝਾਰ ਸਿੰਘ ਜੀ, ਸਾਹਿਬ ਜ਼ੋਰਾਵਰ ਸਿੰਘ ਜੀ, ਸਾਹਿਬ ਫਤਹਿ ਸਿੰਘ ਜੀ, ਚਾਲੀ ਮੁਕਤੇ, ਜਿਨ੍ਹਾਂ ਨੇ ਨਾਮ ਜਪਿਆ, ਵੰਡ ਕੇ ਛਕਿਆ, ਦੇਗ ਚਲਾਈ ਤੇਗ ਵਾਹੀ, ਦੇਖ ਸੁਣਕੇ ਅਣਡਿੱਠ ਕੀਤਾ, ਭਾਣਾ ਮੰਨਿਆ, ਸਿਖੀ

ਸਿਦਕ ਕੇਸਾਂ ਸੁਆਸਾਂ ਤਕ ਨਿਬਾਹਿਆ, ਤਿਨ੍ਹਾਂ ਗੁਰਮੁਖਾਂ ਦੀ ਪਵਿੱਤ੍ਰ ਕਮਾਈ ਦਾ ਸਦਕਾ ਬੋਲੋ ਜੀ ਵਾਹਿਗੁਰੂ॥

ਆਦਿ ਸ੍ਰੀ ਨਨਕਾਣਾ ਸਾਹਿਬ ਤੋਂ ਲੈ ਕੇ ਸ੍ਰੀ ਸਚਖੰਡ ਹਜ਼ੂਰ ਸਾਹਿਬ ਪ੍ਰਯੰਤ, ਪੰਜਾਂ ਤਖਤਾਂ, ਸਰਬੱਤ ਗੁਰਧਾਮਾਂ, ਸਮੂਹ ਗੁਰੂ ਕੇ ਝੰਡਿਆਂ, ਬੁੰਗਿਆਂ, ਨਿਸ਼ਾਨਾਂ, ਸਰੋਵਰਾਂ, ਜੋੜ ਮੇਲਿਆਂ ਜੀ ਕੇ ਦਰਸ਼ਨਾਂ ਦੀਦਾਰਾਂ ਦਾ ਧਿਆਨ ਧਰ ਖਾਲਸਾ ਜੀ ਸਾਹਿਬ ਬੋਲੋ ਜੀ ਵਾਹਿਗੁਰੂ॥

ਗੁਰਸਿੱਖਾਂ ਨੂੰ ਸਿੱਖੀ ਦਾਨ, ਰਹਿਤ ਦਾਨ, ਬਿਬੇਕ ਦਾਨ, ਭਰੋਸਾ ਦਾਨ, ਸ੍ਰੀ ਅੰਮ੍ਰਿਤਸਰ ਸਾਹਿਬ ਜੀ ਕੇ ਦਰਸ਼ਨ ਇਸ਼ਨਾਨ, ਚੌਂਕੀਆਂ, ਝੰਡੇ, ਬੁੰਗੇ ਜੁਗੋ ਜੁਗ ਅਟੱਲ, ਧਰਮ ਕਾ ਜੈ ਜੈ ਕਾਰ, ਖਾਲਸਾ ਜੀ ਸਾਹਿਬ ਬੋਲੋ ਜੀ ਵਾਹਿਗੁਰੂ॥

ਜਹਾਂ ਜਹਾਂ ਗੁਰੂ ਖਾਲਸਾ ਸਾਹਿਬ ਤਹਾਂ

ਤਹਾਂ ਰਛਿਆ ਰਿਆਇਤ, ਦੇਗ ਤੇਗ ਫਤੇ, ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ, ਖਾਲਸਾ ਜੀ ਕੇ ਬੋਲ ਬਾਲੇ, ਬੋਲੋ ਜੀ ਵਾਹਿਗੁਰੂ॥

ਹੇ ਦੀਨ ਦਇਆਲ, ਕਰਨ ਕਾਰਨ, ਪਤਿਤ ਪਾਵਨ, ਭਗਤ ਵਛਲੁ, ਕਰੁਣਾ ਨਿਧਾਨ, ਅੰਤਰਜਾਮੀ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ, ਅਕਾਲ ਪੁਰਖ ਵਾਹਿਗੁਰੂ ਗਰੀਬ ਨਿਵਾਜ ਸਚੇ ਪਾਤਿਸ਼ਾਹ! ਆਪ ਜੀ ਦੇ ਹਜ਼ੂਰ ਸੋ ਦਰੁ ਰਹਰਾਸਿ ਜੀ ਕੀ ਅਰਦਾਸਿ, ਅੱਖਰ ਲਗ ਤੁਕ, ਵਾਧਾ ਘਾਟਾ, ਭੁੱਲ ਚੁੱਕ ਮਾਫ ਕਰਨੀ, ਸਰਬੱਤ ਦੇ ਕਾਰਜ ਰਾਸ ਕਰਨੇ। ਪੜ੍ਹਦੇ ਸੁਣਦੇ ਸਰਬੱਤ ਲਾਹੇ ਵੰਦ ਹੋਣ। ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬੱਤ ਕਾ ਭਲਾ।

ਵਾਹਿਗੁਰੂ ਜੀ ਕਾ ਖਾਲਸਾ,
ਵਾਹਿਗੁਰੂ ਜੀ ਕੀ ਫਤਹ॥

ਦੋਹਰਾ॥

ਆਗਿਆ ਭਈ ਅਕਾਲ ਕੀ, ਤਬੀ ਚਲਾਇਓ ਪੰਥ॥ ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨੀਓ ਗ੍ਰੰਥ॥ ਗੁਰੂ ਗ੍ਰੰਥ ਜੀ ਮਾਨੀਐ, ਪ੍ਰਗਟ ਗੁਰਾਂ ਕੀ ਦੇਹ॥ ਜੋ ਪ੍ਰਭ ਕੋ ਮਿਲਯੋ ਚਹੈ, ਖੋਜ ਸਬਦ ਮੈ ਲੇਹ॥ ਰਾਜ ਕਰੇਗਾ ਖਾਲਸਾ, ਆਕੀ ਰਹੇ ਨ ਕੋਇ॥ ਖੁਆਰ ਹੋਇ ਸਭ ਮਿਲੈਂਗੇ, ਬਚੇ ਸਰਨ ਜੋ ਹੋਇ॥

ਬੋਲੇ ਸੋ ਨਿਹਾਲ;
ਸਤਿ ਸ੍ਰੀ ਅਕਾਲ॥

# ਕੀਰਤਨ ਸੋਹਿਲਾ

ਸੋਰਠਿ ਮਹਲਾ ੫॥

ਗੁਰ ਕਾ ਸਬਦੁ ਰਖਵਾਰੇ॥
ਚਉਕੀ ਚਉਗਿਰਦ ਹਮਾਰੇ॥
ਰਾਮ ਨਾਮਿ ਮਨੁ ਲਾਗਾ॥
ਜਮੁ ਲਜਾਇ ਕਰਿ ਭਾਗਾ॥੧॥
ਪ੍ਰਭ ਜੀ ਤੂ ਮੇਰੋ ਸੁਖਦਾਤਾ॥
ਬੰਧਨ ਕਾਟਿ ਕਰੇ ਮਨੁ ਨਿਰਮਲੁ
ਪੂਰਨ ਪੁਰਖੁ ਬਿਧਾਤਾ॥ਰਹਾਉ॥
ਨਾਨਕ ਪ੍ਰਭੁ ਅਬਿਨਾਸੀ॥
ਤਾ ਕੀ ਸੇਵ ਨ ਬਿਰਥੀ ਜਾਸੀ॥
ਅਨਦ ਕਰਹਿ ਤੇਰੇ ਦਾਸਾ॥
ਜਪਿ ਪੂਰਨ ਹੋਈ ਆਸਾ॥੨॥੪॥੬੮॥

ਬਿਲਾਵਲੁ ਮਹਲਾ ੫॥

ਤਾਤੀ ਵਾਉ ਨ ਲਗਈ

ਪਾਰਬ੍ਰਹਮ ਸਰਣਾਈ॥

ਚਉਗਿਰਦ ਹਮਾਰੈ ਰਾਮਕਾਰ

ਦੁਖੁ ਲਗੈ ਨ ਭਾਈ॥੧॥

ਸਤਿਗੁਰੁ ਪੂਰਾ ਭੇਟਿਆ

ਜਿਨਿ ਬਣਤ ਬਣਾਈ॥

ਰਾਮ ਨਾਮੁ ਅਉਖਧੁ ਦੀਆ

ਏਕਾ ਲਿਵ ਲਾਈ ॥੧॥ਰਹਾਉ॥

ਰਾਖਿ ਲੀਏ ਤਿਨਿ ਰਖਨਹਾਰਿ

ਸਭ ਬਿਆਧਿ ਮਿਟਾਈ॥

ਕਹੁ ਨਾਨਕ ਕਿਰਪਾ ਭਈ

ਪ੍ਰਭ ਭਏ ਸਹਾਈ ॥੨॥੧੫॥੭੯॥

ਸਲੋਕੁ॥

ਜਹ ਸਾਧੂ ਗੋਬਿਦ ਭਜਨੁ

ਕੀਰਤਨੁ ਨਾਨਕ ਨੀਤ॥
ਨਾ ਹਉ ਨਾ ਤੂੰ ਨਹ ਛੂਟਹਿ
ਨਿਕਟਿ ਨ ਜਾਈਅਹੁ ਦੂਤ॥੧॥

ਸਲੋਕ ਮ:੫॥

ਮਨ ਮਹਿ ਚਿਤਵਉ ਚਿਤਵਨੀ
ਉਦਮੁ ਕਰਉ ਉਠਿ ਨੀਤ॥
ਹਰਿ ਕੀਰਤਨ ਕਾ ਆਹਰੋ
ਹਰਿ ਦੇਹੁ ਨਾਨਕ ਕੇ ਮੀਤ॥੧॥

ਸੋਹਿਲਾ ਰਾਗੁ ਗਉੜੀ ਦੀਪਕੀ ਮਹਲਾ ੧

ੴ ਸਤਿਗੁਰ ਪ੍ਰਸਾਦਿ॥

ਜੈ ਘਰਿ ਕੀਰਤਿ ਆਖੀਐ
ਕਰਤੇ ਕਾ ਹੋਇ ਬੀਚਾਰੋ॥
ਤਿਤੁ ਘਰਿ ਗਾਵਹੁ ਸੋਹਿਲਾ
ਸਿਵਰਿਹੁ ਸਿਰਜਣਹਾਰੋ ॥੧॥

ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ॥
ਹਉ ਵਾਰੀ ਜਿਤੁ ਸੋਹਿਲੈ
ਸਦਾ ਸੁਖੁ ਹੋਇ॥੧॥ਰਹਾਉ॥
ਨਿਤ ਨਿਤ ਜੀਅੜੇ ਸਮਾਲੀਅਨਿ
ਦੇਖੈਗਾ ਦੇਵਣਹਾਰੁ॥
ਤੇਰੇ ਦਾਨੈ ਕੀਮਤਿ ਨਾ ਪਵੈ
ਤਿਸੁ ਦਾਤੇ ਕਵਣੁ ਸੁਮਾਰੁ॥੨॥
ਸੰਬਤਿ ਸਾਹਾ ਲਿਖਿਆ
ਮਿਲਿ ਕਰਿ ਪਾਵਹੁ ਤੇਲੁ॥
ਦੇਹੁ ਸਜਣ ਅਸੀਸੜੀਆ
ਜਿਉ ਹੋਵੈ ਸਾਹਿਬ ਸਿਉ ਮੇਲੁ॥੩॥
ਘਰਿ ਘਰਿ ਏਹੋ ਪਾਹੁਚਾ
ਸਦੜੇ ਨਿਤ ਪਵੰਨਿ॥
ਸਦਣਹਾਰਾ ਸਿਮਰੀਐ
ਨਾਨਕ ਸੇ ਦਿਹ ਆਵੰਨਿ॥੪॥੧॥

ਰਾਗੁ ਆਸਾ ਮਹਲਾ ੧॥

ਛਿਅ ਘਰ ਛਿਅ ਗੁਰ ਛਿਅ ਉਪਦੇਸ॥
ਗੁਰੁ ਗੁਰੁ ਏਕੋ ਵੇਸ ਅਨੇਕ ॥੧॥
ਬਾਬਾ ਜੈ ਘਰਿ ਕਰਤੇ ਕੀਰਤਿ ਹੋਇ॥
ਸੋ ਘਰੁ ਰਾਖੁ ਵਡਾਈ ਤੋਇ॥੧॥ਰਹਾਉ॥
ਵਿਸੁਏ ਚਸਿਆ ਘੜੀਆ ਪਹਰਾ
ਥਿਤੀ ਵਾਰੀ ਮਾਹੁ ਹੋਆ॥
ਸੂਰਜੁ ਏਕੋ ਰੁਤਿ ਅਨੇਕ॥
ਨਾਨਕ ਕਰਤੇ ਕੇ ਕੇਤੇ ਵੇਸ॥੨॥੨॥

ਰਾਗੁ ਧਨਾਸਰੀ ਮਹਲਾ ੧॥

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲਆਨ ਲੋ ਪਵਣੁ ਚਵਰੋ ਕਰੇ
ਸਗਲ ਬਨਰਾਇ ਫੂਲੰਤ ਜੋਤੀ॥੧॥
ਕੈਸੀ ਆਰਤੀ ਹੋਇ॥

ਭਵ ਖੰਡਨਾ ਤੇਰੀ ਆਰਤੀ॥
ਅਨਹਤਾ ਸਬਦ ਵਾਜੰਤ ਭੇਰੀ॥੧॥ਰਹਾਉ॥
ਸਹਸ ਤਵ ਨੈਨ
ਨਨ ਨੈਨ ਹਹਿ ਤੋਹਿ ਕਉ
ਸਹਸ ਮੂਰਤਿ ਨਨਾ ਏਕ ਤੋੁਹੀ॥
ਸਹਸ ਪਦ ਬਿਮਲ ਨਨ ਏਕ ਪਦ
ਗੰਧ ਬਿਨੁ ਸਹਸ ਤਵ ਗੰਧ
ਇਵ ਚਲਤ ਮੋਹੀ॥੨॥
ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥
ਗੁਰ ਸਾਖੀ ਜੋਤਿ ਪਰਗਟੁ ਹੋਇ॥
ਜੋ ਤਿਸੁ ਭਾਵੈ ਸੁ ਆਰਤੀ ਹੋਇ॥੩॥
ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ
ਅਨਦਿਨੋੁ ਮੋਹਿ ਆਹੀ ਪਿਆਸਾ॥
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ

ਹੋਇ ਜਾ ਤੇ ਤੇਰੈ ਨਾਇ ਵਾਸਾ॥੪॥੩॥

ਰਾਗੁ ਗਉੜੀ ਪੂਰਬੀ ਮਹਲਾ ੪॥

ਕਾਮਿ ਕਰੋਧਿ ਨਗਰੁ ਬਹੁ ਭਰਿਆ
ਮਿਲਿ ਸਾਧੂ ਖੰਡਲ ਖੰਡਾ ਹੇ॥
ਪੂਰਬਿ ਲਿਖਤ ਲਿਖੇ ਗੁਰੁ ਪਾਇਆ
ਮਨਿ ਹਰਿ ਲਿਵ ਮੰਡਲ ਮੰਡਾ ਹੇ॥੧॥
ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ॥
ਕਰਿ ਡੰਡਉਤ ਪੁਨੁ ਵਡਾ ਹੇ॥੧॥ਰਹਾਉ॥
ਸਾਕਤ ਹਰਿ ਰਸ ਸਾਦੁ ਨ ਜਾਣਿਆ
ਤਿਨ ਅੰਤਰਿ ਹਉਮੈ ਕੰਡਾ ਹੇ॥
ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ
ਜਮਕਾਲੁ ਸਹਹਿ ਸਿਰਿ ਡੰਡਾ ਹੇ॥੨॥
ਹਰਿ ਜਨ ਹਰਿ ਹਰਿ ਨਾਮਿ ਸਮਾਣੇ
ਦੁਖੁ ਜਨਮ ਮਰਣ ਭਵ ਖੰਡਾ ਹੇ॥
ਅਬਿਨਾਸੀ ਪੁਰਖੁ ਪਾਇਆ ਪਰਮੇਸਰੁ

ਬਹੁ ਸੋਭ ਖੰਡ ਬ੍ਰਹਮੰਡਾ ਹੇ॥੩॥
ਹਮ ਗਰੀਬ ਮਸਕੀਨ ਪ੍ਰਭ ਤੇਰੇ
ਹਰਿ ਰਾਖੁ ਰਾਖੁ ਵਡ ਵਡਾ ਹੇ॥
ਜਨ ਨਾਨਕ ਨਾਮੁ ਅਧਾਰੁ ਟੇਕ ਹੈ
ਹਰਿ ਨਾਮੇ ਹੀ ਸੁਖੁ ਮੰਡਾ ਹੇ॥੪॥੪॥

ਰਾਗੁ ਗਉੜੀ ਪੂਰਬੀ ਮਹਲਾ ੫॥

ਕਰਉ ਬੇਨੰਤੀ ਸੁਣਹੁ ਮੇਰੇ ਮੀਤਾ
ਸੰਤ ਟਹਲ ਕੀ ਬੇਲਾ॥
ਈਹਾ ਖਾਟਿ ਚਲਹੁ ਹਰਿ ਲਾਹਾ
ਆਗੈ ਬਸਨੁ ਸੁਹੇਲਾ॥੧॥
ਅਉਧ ਘਟੈ ਦਿਨਸੁ ਰੈਣਾਰੇ॥
ਮਨ ਗੁਰ ਮਿਲਿ ਕਾਜ ਸਵਾਰੇ॥੧॥ਰਹਾਉ॥
ਇਹੁ ਸੰਸਾਰੁ ਬਿਕਾਰੁ ਸੰਸੇ ਮਹਿ
ਤਰਿਓ ਬ੍ਰਹਮ ਗਿਆਨੀ॥
ਜਿਸਹਿ ਜਗਾਇ ਪੀਆਵੈ ਇਹੁ ਰਸੁ

ਅਕਥ ਕਥਾ ਤਿਨਿ ਜਾਨੀ॥੨॥

ਜਾ ਕਉ ਆਏ ਸੋਈ ਬਿਹਾਝਹੁ

ਹਰਿ ਗੁਰ ਤੇ ਮਨਹਿ ਬਸੇਰਾ॥

ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ

ਬਹੁਰਿ ਨ ਹੋਇਗੋ ਫੇਰਾ॥੩॥

ਅੰਤਰਜਾਮੀ ਪੁਰਖ ਬਿਧਾਤੇ

ਸਰਧਾ ਮਨ ਕੀ ਪੂਰੇ॥

ਨਾਨਕ ਦਾਸੁ ਇਹੈ ਸੁਖੁ ਮਾਗੈ

ਮੋ ਕਉ ਕਰਿ ਸੰਤਨ ਕੀ ਧੂਰੇ॥੪॥੫॥

ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ,
ਬਿਨਾਂ ਆਗਿਆ ਕੋਈ ਨਾ ਛਾਪੇ।

# ਅੰਤਕਾ

ੴ ਸਤਿਗੁਰ ਪ੍ਰਸਾਦਿ॥

ਨਿੱਤਨੇਮ ਦੀਆਂ ਬਾਣੀਆਂ ਦੇ ਕਠਿਨ ਪਾਠਾਂ ਦੇ ਉਚਾਰਨ ਦਾ ਢੰਗ, ਸੰਖੇਪ ਅਰਥ, ਬਿਸਰਾਮ ਅਤੇ ਬਾਣੀਆਂ ਦੇ ਘੱਟ ਵੱਧ ਪੜ੍ਹਨ ਬਾਰੇ ਪਾਏ ਹੋਏ ਭੁਲੇਖਿਆਂ ਦਾ ਨਿਰਣਜ।

# ਜਪੁ ਜੀ ਸਾਹਿਬ

ਗੁਟਕਾ ਪੰਨਾ

੧ ਸੋਚੈ, ਸੋਚਿ ਨ ਹੋਵਈ; ਜੇ ਸੋਚੀ ਲਖ ਵਾਰ॥
(ਲੱਖ ਪੜ੍ਹੋ)

੩ ਨਾਨਕ ਹੁਕਮੈ ਜੇ ਬੁਝੈ; ਤ ਹਉਮੈ ਕਹੈ ਨ ਕੋਇ॥
(ਬੁੱਝੈ ਪੜ੍ਹੋ)

੩ ਗਾਵੈ ਕੋ ਤਾਣੁ; ਹੋਵੈ ਕਿਸੈ ਤਾਣੁ॥
ਗਾਵੈ ਕੋ; ਦਾਤਿ ਜਾਣੈ ਨੀਸਾਣੁ॥

੩ ਗਾਵੈ ਕੋ; ਗੁਣ ਵਡਿਆਈਆ ਚਾਰ [੧]॥
(ਬਾਕੀ ਦੀਆਂ ਸਾਰੀਆਂ ਤੁਕਾਂ ਦੇ ਬਿਸਰਾਮ ਗਾਵੈ ਕੋ; ਤੇ ਹਨ)

---

੧. ਚਾਰ=ਸੁੰਦਰ ਦਾ ਨਾਮ ਹੈ। ਸੁੰਦਰ ਗੁਣ, ਸੁੰਦਰ ਵਡਿਆਈਆਂ ਕੋਈ ਗਾਉਂਦਾ ਹੈ। ਦੂਜਾ ਪਾਠ ਆਚਾਰ ਭੀ ਕਰਦੇ ਹਨ ਜਿਸਦਾ ਅਰਥ ਕਰਤੱਬ ਕਰਦੇ ਹਨ।

ਗੁਟਕਾ ਪੰਨਾ

| | |
|---|---|
| ੫ | ਦੁਖੁ ਪਰਹਰਿ;[੧] ਸੁਖੁ ਘਰਿ ਲੈ ਜਾਇ॥ |
| ੫ | ਗੁਰਮੁਖਿ ਨਾਦੰ,[੨] ਗੁਰਮੁਖਿ ਵੇਦੰ; [੩] |
| | ਗੁਰਮੁਖਿ ਰਹਿਆ ਸਮਾਈ॥ |
| ੫ | ਗੁਰੁ ਈਸਰੁ,[੪] ਗੁਰੁ ਗੋਰਖੁ,[੫] ਬਰਮਾ ਗੁਰੁ; |
| | ਪਾਰਬਤੀ ਮਾਈ [੬]॥ |
| ੫ | ਗੁਰਾ; ਇਕ ਦੇਹਿ ਬੁਝਾਈ॥ |
| | (ਗੁਰਾਂ ਨਹੀਂ ਪੜ੍ਹਨਾ) |
| ੬ | ਤੀਰਥਿ ਨਾਵਾ, ਜੇ ਤਿਸੁ ਭਾਵਾ; (ਨ੍ਹਾਵਾ ਪੜ੍ਹੋ) |
| | ਵਿਣੁ ਭਾਣੇ ਕਿ ਨਾਇ ਕਰੀ॥ (ਨ੍ਹਾਇ ਪੜ੍ਹੋ) |
| ੬ | ਜੇਤੀ ਸਿਰਠਿ ਉਪਾਈ ਵੇਖਾ; |
| | ਵਿਣੁ ਕਰਮਾ ਕਿ ਮਿਲੈ ਲਈ॥ |
| ੬ | ਮਤਿ ਵਿਚਿ, ਰਤਨ [੭] ਜਵਾਹਰ [੮] ਮਾਣਿਕ [੯]; |
| | ਜੇ ਇਕ ਗੁਰ ਕੀ ਸਿਖ ਸੁਣੀ॥ |

---

੧. ਛਡਕੇ, ਤਿਆਗ ਕੇ। ੨. ਉਪਦੇਸ਼। ੩. ਵਿਚਾਰ, ਗਿਆਨ। ੪. ਸ਼ਿਵਜੀ। ੫. ਵਿਸ਼ਨੂੰ। ੬. ਮਾ=ਲੱਛਮੀ, ਈ=ਸੁਰਸਤੀ। ੭. ਵੈਰਾਗ। ੮. ਗਿਆਨ। ੯. ਜੋ ਮੰਨਣ ਕਰਨਾ ਹੈ ਭਾਵ ਸ੍ਰਵਣ, ਮੰਨਣ, ਨਿਧਿਆਸਣ।

| ਗੁਟਕਾ ਪੰਨਾ | |
|---|---|
| ੭ | ਤੇਹਾ ਕੋਇ ਨ ਸੁਝਈ; ਜਿ ਤਿਸੁ ਗੁਣੁ ਕੋਇ ਕਰੇ॥ (ਸੁੱਝਈ ਬੋਲੋ) |
| ੭ | ਸੁਣਿਐ; ਸਿਧ ਪੀਰ ਸੁਰਿ ਨਾਥ॥ (ਚਾਰੇ ਪਉੜੀਆਂ ਦੇ ਬਿਸਰਾਮ "ਸੁਣਿਐ" ਤੇ ਹਨ) |
| ੭ | ਨਾਨਕ; ਭਗਤਾ ਸਦਾ ਵਿਗਾਸੁ॥ |
| ੯ | ਮੰਨੇ ਕੀ ਗਤਿ; ਕਹੀ ਨ ਜਾਇ॥ (ਅਗੇ ਤਿੰਨਾਂ ਪਉੜੀਆਂ ਦੇ ਬਿਸਰਾਮ "ਮੰਨੈ" ਤੇ ਹਨ) |
| ੯ | ਮੰਨੇ ਕਾ; ਬਹਿ [੧] ਕਰਨਿ ਵੀਚਾਰੁ॥ |
| ੯ | ਜੇ ਕੋ ਮੰਨਿ ਜਾਣੈ; ਮਨਿ ਕੋਇ॥ (ਬਾਕੀ ਤਿੰਨਾਂ ਪਉੜੀਆਂ ਵਿਚ "ਜਾਣੈ" ਤੇ ਬਿਸਰਾਮ ਹਨ) |
| ੧੦ | ਮੰਨੈ; ਮਗੁ [੨] ਨ, ਚਲੈ ਪੰਥੁ [੩]॥ |
| ੧੦ | ਮੰਨੈ; ਪਾਵਹਿ ਮੋਖੁ-ਦੁਆਰੁ॥ |

---

੧. ਇਸਥਿਤ ਹੋ ਕੇ ਸੰਗਤ ਵਿਚ।

੨. ਮੌਤ ਦੇ ਰਾਹ।

੩. ਜਾਂ ਦੁਨੀਆਂ ਦੇ ਮਾਰਗਾਂ ਦੇ ਪੈਂਡੇ ਨਹੀਂ ਚਲਦਾ।

| ਗੁਟਕਾ ਪੰਨਾ | |
|---|---|
| ੧੦ | ਮੰਨੈ; ਤਰੈ ਤਾਰੇ ਗੁਰੁਸਿਖ॥ |
| ੧੧ | ਪੰਚੇ ਸੋਹਹਿ; ਦਰਿ ਰਾਜਾਨੁ [1]॥ |
| ੧੧ | ਧਰਤੀ ਹੋਰੁ; ਪਰੈ ਹੋਰੁ ਹੋਰੁ॥ |
| ੧੧ | ਤਿਸ ਤੇ ਭਾਰੁ; ਤਲੈ ਕਵਣੁ ਜੋਰੁ॥ |
| ੧੨ | ਤੂ ਸਦਾ ਸਲਾਮਤਿ; ਨਿਰੰਕਾਰ॥ |
| ੧੩ | ਨਾਨਕੁ; ਨੀਚੁ ਕਹੈ ਵੀਚਾਰੁ॥ |
| ੧੪ | ਅਖਰੀ; ਗਿਆਨੁ ਗੀਤ ਗੁਣ ਗਾਹ॥ |
| ੧੫ | ਭਰੀਐ; ਹਥੁ ਪੈਰੁ, ਤਨੁ ਦੇਹ॥ |
| ੧੫ | ਪਾਣੀ ਧੋਤੈ; ਉਤਰ ਸੁ ਖੇਹ॥ |
| | (ਦੂਜਾ ਪਾਠ:- ਉਤਰਸੁ ਖੇਹ) |
| ੧੫ | ਅੰਤਰ ਗਤਿ ਤੀਰਥਿ; ਮਲਿ ਨਾਉ॥ (ਨ੍ਹਾਉ ਬੋਲੋ) |
| ੧੬ | ਸੁਅਸਤਿ [2] ਆਥਿ; [3] ਬਾਣੀ [4] ਬਰਮਾਉ [5]॥ |

---

੧. ਪ੍ਰਕਾਸ਼ ਸਰੂਪ ਦੇ ਦਰ ਤੇ। ੨. ਕਲਿਆਣ ਸਰੂਪ। ੩. ਮਾਇਆ। ੪. ਓਅੰਕਾਰ ਅਥਵਾ ਬਣਾਵਟ। ੫. ਬ੍ਰਹਮੰਡ, ਬ੍ਰਹਮਾ ਆਦਿ।

ਗੁਟਕਾ ਪੰਨਾ

੧੭ | ਪਾਤਾਲਾ ਪਾਤਾਲ ਲਖ; ਆਗਾਸਾ ਆਗਾਸ॥
(ਲੱਖ ਬੋਲੋ। ਅਰਥ ਵਾਸਤੇ ਲਖ ਦੇਹਲੀ ਦੀਪਕ ਹੈ)

੧੭ | ਸਹਸ [1] ਅਠਾਰਹ ਕਹਨਿ ਕਤੇਬਾ;
ਅਸੁਲੂ [2] ਇਕੁ ਧਾਤੁ॥ (ਦੂਜਾ ਪਾਠ=ਅਸੁ [3]ਲੂ)

੧੮ | ਨਦੀਆ ਅਤੈ ਵਾਹ; ਪਵਹਿ ਸਮੁੰਦਿ,
ਨ ਜਾਣੀਅਹਿ॥ (ਅੱਤੈ ਪਾਠ ਨਹੀਂ ਕਰਨਾ)

੧੯ | ਨਾਨਕ; ਨਦਰੀ ਕਰਮੀ ਦਾਤਿ॥

੨੦ | ਕੇਤੇ; ਖਪਿ ਤੁਟਹਿ ਵੇਕਾਰ॥

੨੦ | ਜੇ ਕੋ ਖਾਇਕੁ; [4] ਆਖਣਿ ਪਾਇ॥
(ਕੁਆਖਣਿ ਪਾਠ ਨਹੀਂ ਕਰਨਾ)

੨੨ | ਤਾ ਲਿਖੀਐ; ਸਿਰਿ ਗਾਵਾਰਾ ਗਾਵਾਰੁ॥

---

੧. ਹਜਾਰ ਆਲਮ। ੨. ਅਸਲ ਵਿਚ। ੩. ਘੋੜੇ ਦੇ ਇਕ ਲੂੰ ਵਾਂਗ, ਧਾਤੁ=ਮਾਇਆ। ੪. ਮੂਰਖ।

ਗੁਟਕਾ ਪੰਨਾ

੨੩ ਗਾਵਹਿ ਇੰਦ [੧] ਇਦਾਸਣਿ [੨] ਬੈਠੇ;
ਦੇਵਤਿਆ ਦਰਿ [੩] ਨਾਲੇ॥
(ਦੇਵਤਿ ਆਦਰਿ ਪਾਠ ਨਹੀਂ ਕਰਨਾ)

੨੫ ਰੰਗੀ ਰੰਗੀ ਭਾਤੀ, ਕਰਿ ਕਰਿ ਜਿਨਸੀ;[੪]
ਮਾਇਆ [੫] ਜਿਨਿ ਉਪਾਈ॥

੨੬ ਆਦੇਸੁ; ਤਿਸੈ ਆਦੇਸੁ॥
(ਚਾਰੇ ਪਉੜੀਆਂ ਵਿਚ 'ਆਦੇਸੁ' ਤੇ ਬਿਸਰਾਮ ਹਨ)

੨੬ ਆਪਿ ਨਾਥੁ, ਨਾਥੀ ਸਭ ਜਾ ਕੀ; ਰਿਧਿ ਸਿਧਿ
ਅਵਰਾ ਸਾਦ॥

੨੭ ਇਕੁ ਸੰਸਾਰੀ,[੬] ਇਕੁ ਭੰਡਾਰੀ;[੭]
ਇਕੁ ਲਾਏ [੮] ਦੀ ਬਾਣੁ॥ (ਦੂਜਾ ਪਾਠ:- ਦੀਬਾਣੁ)

---

੧. ਇੰਦਰ ਰਾਜਾ। ੨. ਇੰਦਰ ਸਿੰਘਾਸਨ। ੩. ਦੇਵਤਿਆਂ ਦੀਆਂ ਫੌਜਾਂ ਜਾਂ ਦਲ। ੪. ਚੀਜ਼ਾਂ, ਪਦਾਰਥ। ੫. ਜਿਸ ਪ੍ਰਮੇਸਰ ਨੇ ਮਾਇਆ ਦੁਆਰਾ ਸ੍ਰਿਸ਼ਟੀ ਪੈਦਾ ਕੀਤੀ ਹੈ। ੬. ਸੰਸਾਰ ਦੀ ਪੈਦਾਇਸ਼ ਕਰਨ ਵਾਲਾ ਰਜੋ ਗੁਣ ਵਾ ਬ੍ਰਹਮਾ। ੭. ਪਾਲਣਾ ਕਰਨ ਵਾਲਾ ਸਤੋ ਗੁਣ ਵਾ ਵਿਸ਼ਨੂੰ। ੮. ਲੈਤਾ ਕਰਨ ਦੀ ਆਦਤ ਵਾਲਾ ਤਮੋ ਗੁਣ ਵਾ ਸ਼ਿਵ।

੨੭ | ਆਸਣੁ ਲੋਇ; ਲੋਇ ਭੰਡਾਰ॥

੨੯ | ਜੋਰੁ ਨ, ਰਾਜਿ ਮਾਲਿ; ਮਨਿ ਸੋਰੁ॥
(ਬਾਕੀ ਦੇ ਬਿਸਰਾਮ 'ਜੋਰੁ ਨ;' ਤੇ ਹਨ)

੨੯ | ਤਿਸੁ ਵਿਚਿ; ਧਰਤੀ ਥਾਪਿ ਰਖੀ ਧਰਮਸਾਲ॥

੩੦ | ਕੇਤੀਆ ਕਰਮ-ਭੂਮੀ, ਮੇਰ ਕੇਤੇ;
ਕੇਤੇ ਧੂ, ਉਪਦੇਸ॥

੩੧ | ਕੇਤੀਆ ਖਾਣੀ, ਕੇਤੀਆ ਬਾਣੀ; ਕੇਤੇ ਪਾਤ[੧]
ਨਰਿੰਦ[੨]॥

੩੨ | ਤਿਥੈ; ਹੋਰੁ ਨ ਕੋਈ ਹੋਰੁ॥

੩੨ | ਤਿਥੈ; ਸੀਤੋ ਸੀਤਾ ਮਹਿਮਾ ਮਾਹਿ॥

੩੨ | ਸਚ ਖੰਡਿ; ਵਸੈ ਨਿਰੰਕਾਰੁ॥
(ਵਸੈ ਦੇਹਲੀ ਦੀਪਕ ਹੈ)

੩੩ | ਜਿਨ ਕਉ ਨਦਰਿ ਕਰਮੁ; ਤਿਨ ਕਾਰ॥

---

੧. ਪੰਗਤੀ ਜਾਂ ਤਖ਼ਤ ਜਾਂ ਪੈਦਲ। ੨. ਰਾਜੇ।

ਗੁਟਕਾ ਪੰਨਾ

੩੩ ਸਲੋਕੁ॥

੩੪ ਦਿਵਸੁ ਰਾਤਿ ਦੁਇ, ਦਾਈ ਦਾਇਆ;
ਖੇਲੈ ਸਗਲ ਜਗਤੁ॥

(ਜਗੱਤੁ ਨਹੀਂ ਪੜ੍ਹਨਾ)

੩੪ ਜਿਨੀ ਨਾਮੁ ਧਿਆਇਆ; ਗਏ ਮਸਕਤਿ [੧] ਘਾਲਿ [੨]॥

(ਮਸੱਕਤਿ ਬੋਲੋ)

੩੪ ਨਾਨਕ, ਤੇ ਮੁਖ ਉਜਲੇ; ਕੇਤੀ ਛੁਟੀ ਨਾਲਿ ॥੧॥

---

੧. ਮਿਹਨਤ । ੨. ਕਮਾ ਕੇ ।

੧ਓ ਸਤਿਗੁਰ ਪ੍ਰਸਾਦਿ॥

ਸ੍ਰੀ ਵਾਹਿਗੁਰੂ ਜੀ ਕੀ ਫਤਹ॥

## ਜਾਪੁ॥

ਸ੍ਰੀ ਮੁਖਵਾਕ ਪਾਤਿਸਾਹੀ ੧੦॥

ਛਪੈ ਛੰਦ॥ ਤ੍ਵ ਪ੍ਰਸਾਦਿ॥

ਗੁਟਕਾ ਪੰਨਾ

੩੫ ਚਕ੍ਰ ਚਿਹਨ,[੧] ਅਰੁ ਬਰਨ ਜਾਤ;
ਅਰੁ ਪਾਤ [੨] ਨਹਿਨ ਜਿਹ॥
੩੫ ਰੂਪ ਰੰਗ, ਅਰੁ ਰੇਖ ਭੇਖ;
ਕੋਊ ਕਹਿ ਨ ਸਕਤਿ ਕਿਹ [੩]॥
੩੫ ਅਚਲ ਮੂਰਤਿ [੪] ਅਨਭਉ [੫] ਪ੍ਰਕਾਸ; (ਅਚੱਲ ਬੋਲੋ)
ਅਮਿਤੋਜਿ [੬] ਕਹਿਜੈ॥ (ਅਮਿੱਤੋਜਿ ਬੋਲੋ)

---

੧. ਜਿਸ ਦੇ ਸਰੂਪ ਵਿਚ ਵਿਸ਼ਨੂੰ ਦੇ ਚੱਕ੍ਰ ਆਦਿ ਦਾ ਕੋਈ ਚਿੰਨ੍ਹ ਨਹੀਂ ਹੈ। ੨. ਪੰਗਤੀ। ੩. ਕਿਸੇ ਪ੍ਰਕਾਰ। ੪. ਅਚੱਲ ਸਰੂਪ। ੫. ਭੈ ਤੋਂ ਰਹਿਤ ਗਿਆਨ ਸਰੂਪ। ੬.ਅਮਿਤ-ਓਜਿ=ਮਿਣਤੀ ਤੋਂ ਰਹਿਤ ਬਲ ਵਾਲਾ।

ਗੁਟਕਾ ਪੰਨਾ

੩੬ | ਤ੍ਰਿਭਵਣ ਮਹੀਪ, ਸੁਰ ਨਰ ਅਸੁਰ;
| ਨੇਤ ਨੇਤ ਬਨ ਤ੍ਰਿਣ ਕਹਤ॥
੩੬ | ਤ੍ਵ [੧] ਸਰਬ ਨਾਮ ਕਥੈ ਕਵਨ;
| ਕਰਮ ਨਾਮ ਬਰਣਤ ਸੁਮਤਿ॥੧॥
(ਸੁਮੱਤਿ ਬੋਲੋ)
੩੭ | ਨਮਸਤੰ ਸੁ [੨] ਏਕੈ॥
੩੮ | ਨਮਸਤੰ ਪ੍ਰਭੋਗੇ॥ ਨਮਸਤੰ ਸੁ ਜੋਗੇ [੩]॥
੩੮ | ਨਮਸਤੱਸਤ [੪] ਰੰਮੇ॥ (ਨਮਸਤੱ ਸਤ ਨਹੀਂ ਬੋਲਣਾ)

---

੧. ਆਪ ਜੀ ਦੇ (ਇਸ ਦਾ ਸਹੀ ਉਚਾਰਣ ਤੁਅ ਵਾਂਗ ਹੈ)। ੨. ਸੁ = ਆਪ ਜੀ ਦਾ ਹੀ ਇਕ ਸ਼ੁੱਧ ਸਰੂਪ ਹੈ, ਤਿਸ ਨੂੰ ਨਮਸਕਾਰ ਹੈ। ੩. ਸੁ = ਭਲੀ ਪ੍ਰਕਾਰ ਸਭ ਵਿਚ ਜੁੜੇ ਹੋਏ। ੪. ਉਚਾਰਨ ਨਮਸਤ-ਅਸਤ ਹੈ। ਅਰਥ ਨਮਸਕਾਰ ਹੈ। ਨਮਸਤੱਸਤ ਵਿਚ "ਅ" ਦੀ ਸੰਧੀ ਹੋਈ ਹੋਈ ਹੈ। ਰੰਮੇ = ਸੁੰਦਰ ਸਰੂਪ ਜਾ ਰਮੇ ਹੋਏ ਦੇ ਤਾਈਂ।

| ਗੁਟਕਾ ਪੰਨਾ | |
|---|---|
| ੩੯ | ਨਮਸਤੰ ਸੁ ਬਨ [੧] ਮੇ॥ (ਦੂਜਾ ਪਾਠ=ਸੁਬਨ) |
| ੩੯ | ਨਮੋਸਤ [੨] ਅਬੰਧੇ॥ (ਨਮੋ ਸਤ ਨਹੀਂ ਬੋਲਣਾ) |
| ੪੨ | ਸਮਸਤੀ ਨਿਧਾਨੇ [੩]॥ |
| | (ਸਮ ਸਤੀ ਨਹੀਂ ਕਰਨਾ ਪਾਠ ਇਕੱਠਾ ਹੈ) |
| ੪੩ | ਕਲੰਕੰ ਬਿਨਾਨੇ [੪]॥ ਕਲੰਕੀ* ਸਰੂਪੇ॥ |
| ੪੩ | ਨਮੋ ਰਾਜ ਰਾਜੇ [੫]॥ ਸ੍ਵਰੰ ਪਰਮ ਰੂਪੇ॥ |
| ੪੩ | ਨਮੋ ਜੋਗ ਜੋਗੇ [੬]॥ ਸ੍ਵਰੰ ਪਰਮ ਸਿੱਧੇ॥ |

---

੧.ਸੁ=ਭਲੀ ਪ੍ਰਕਾਰ (ਬਨ ਮੇ) ਸੰਸਾਰ ਬਨ ਮੇ ਆਏ ਹੋਏ ਆਪ ਤਾਈ ਨਮਸਕਾਰ ਹੈ। ਵਾ (ਬਨ) ਸਰੀਰਾਂ ਸਰੀਰਾਂ ਮੇ ਵਾ ਬਨਾਂ ਬਨਾਂ ਮੇ ਵਾ ਜਲ ਆਦਿ ਵਿਚ ਭਲੀ ਪ੍ਰਕਾਰ ਆਏ ਹੋਏ ਹੋ, ਆਪ ਜੀ ਦੇ ਤਾਈਂ ਨਮਸਕਾਰ ਹੈ। ਸੁਬਨ=ਸੁਮਨ=ਫੁੱਲ; ਫੁੱਲਾਂ ਆਦਿ ਮੇਂ ਪ੍ਰਫੁਲਤ ਹੋ ਰਹੇ ਹੋ ਆਪ ਜੀ ਦੇ ਤਾਈਂ ਨਮਸਕਾਰ ਹੈ। ੨. ਨਮਸਕਾਰ ਹੈ। ਨਮੋਸਤ ਵਿਚ 'ਅ' ਦੀ ਸੰਧੀ ਹੋਈ ਹੋਈ ਹੈ। ੩. ਸਰਬ ਵਿਚ ਨਿਧੀ ਰੂਪ ਹੋ, ਖਜਾਨਾ ਰੂਪ ਹੋ। ੪.ਕਲੰਕਾਂ ਤੋਂ ਬਿਨਾ ਆਪ ਨਿਹ-ਕਲੰਕ ਸਰੂਪ ਹੋ ਵਾ ਜੋ (ਨੇ) ਵਿਸ਼ੇਸ਼ ਪਾਪਾਂ ਕਰਕੇ ਕਲੰਕੀ ਰੂਪ ਹੋ ਰਹੇ ਹਨ ਤਿਨ੍ਹਾਂ ਨੂੰ ਬਿਨਾਂ ਕਲੰਕਾਂ ਤੋਂ ਕਰਦੇ ਹੋ। ੫.ਰਾਜਿਆਂ ਦੇ ਰਾਜੇ ਈਸ਼ਵਰ ਰੂਪ ਹੋ। ੬.ਜੋਗੀਆਂ ਦੇ ਈਸ਼ਰ ਸਰੂਪ ਜੋਗੀ ਜਾਂ ਜੋਗੀਆਂ ਵਿਚ ਈਸ਼ਵਰ (ਵੱਡੇ) ਜੋਗੀ ਹੋ।

---

*ਇਥੇ ਗੁਰੂ ਮਹਾਰਾਜ ਦੇ ਦਸਮ ਸਰੂਪਾਂ ਵਿਚ ਅਤੇ ਪੋਥੀਆਂ ☞

☞ ਵਿਚ ਇਸ ਤਰਾਂ ਹੀ ਬਿਸਰਾਮ ਦੇ ਕੇ ਪਾਠ ਲਿਖਿਆ ਹੋਇਆ ਚਲਿਆ ਆਉਂਦਾ ਹੈ। ਪਰ ਪਾਠ ਕਰਨ ਵਾਸਤੇ, "ਕਲੰਕੰ ਬਿਨਾ, ਨੇ ਕਲੰਕੀ ਸਰੂਪੇ॥" ਉਚਾਰਨ ਕਰਨਾ ਹੈ।

ਯਥਾ:- ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਹਸ ਕ੍ਰਿਤੀ ਬਾਣੀ ਦੇ ਅੰਦਰ ੬੫ਵੇਂ ਸਲੋਕ ਦਾ ਪਾਠ ਇਉਂ ਲਿਖਿਆ ਹੋਇਆ ਹੈ। "ਆਤਮ ਰਤੰ ਸੰਸਾਰ॥ ਗਹੰਤੇ ਨਰ ਨਾਨਕ ਨਿਹਫਲਹ॥" ਪਰ ਪੜ੍ਹਨ ਵਾਸਤੇ, ਆਤਮ ਰਤੰ ਸੰਸਾਰ ਗਹੰ; ਤੇ ਨਰ ਨਾਨਕ ਨਿਹਫਲਹ॥ ਉਚਾਰਨ ਕਰਨਾ ਹੈ। ਗੁਰੂ ਮਹਾਰਾਜ ਜੀ ਦੇ ਜਿਵੇਂ ਬਿਸਰਾਮ ਲਿਖੇ ਹੋਏ ਹਨ ਉਵੇਂ ਹੀ ਰਹਿਣ ਦੇਣੇ ਹਨ।

ਇਵੇਂ ਹੀ ਦਸਮ ਸਰੂਪ ਵਿਚ ਜਿਵੇਂ ਮਹਾਰਾਜ ਜੀ ਨੇ ਬਿਸਰਾਮ ਲਿਖੇ ਹੋਏ ਹਨ ਇਵੇਂ ਹੀ ਰਹਿਣ ਦੇਣੇ ਹਨ ਬਦਲਣੇ ਨਹੀਂ। ਪੜ੍ਹਨ ਵਾਸਤੇ ਪੂਰਬੋਕਤ ਲਿਖੇ ਵਾਂਗ ਹੀ ਪੜ੍ਹਨਾ ਹੈ। ਇਹ ਸੰਪਰਦਾਈ ਸੰਕੇਤ ਅਨੁਸਾਰ ਦਸਿਆ ਗਿਆ ਹੈ। ਜਿਸ ਵਿਚ ਵਿਸ਼ੇਸ਼ ਵਿਦਵਤਾ ਪੂਰਬਕ ਇਹ ਰਹੱਸ ਹੈ। ਗੁਰੂ ਮਹਾਰਾਜ ਜੀ ਨੇ "ਕਲੰਕੰ ਬਿਨਾਨੇ॥" ਅਗੇ ਇਸ ਵਾਸਤੇ ਬਿਸਰਾਮ ਲਾਇਆ ਹੈ ਜੋ ਕਾਵਿ ਅਨੁਸਾਰ "ਭੁਜੰਗ ਪ੍ਰਯਾਤ ਛੰਦ" ਦੀਆਂ ਮਾਤ੍ਰਾਂ ਦੇ ਅਨਕੂਲ ਹੈ। ਹੁਣ ਅਰਥ ਵਾਸਤੇ

'ਨੇ' ਅੱਖਰ ਅੱਗੇ ਜਾਏਗਾ। ਇਹ ਵਿਆਕਰਣ ਦੀ ਰੀਤੀ ਅਨੁਸਾਰ ਸ਼ੁੱਧ ਪਦ ਬਣਦਾ ਹੈ। ਇਸ ਲਈ ਪੜ੍ਹਨ ਵਾਸਤੇ ਤੇ ਸਮਝ ਗੋਚਰ ਕਰਨ ਵਾਸਤੇ 'ਨੇ ਕਲੰਕੀ' ਪੜ੍ਹਨਾ ਹੈ। ਗੁਰੂ ਮਹਾਰਾਜ ਜੀ ਨੇ ਛੰਦ ਦੇ ਵਜ਼ਨ ਨੂੰ ਠੀਕ ਰਖਣ ਵਾਸਤੇ "ਕਲੰਕੰ ਬਿਨਾਨੇ॥" ਇਥੇ ਹੀ ਬਿਸਰਾਮ ਦੇ ਦਿੱਤਾ ਹੈ ਜੋ ਠੀਕ ਹੈ ਬਦਲਣਾ ਨਹੀਂ।

"ਨਮੋ ਰਾਜ ਰਾਜੇ॥ ਸ੍ਵਰੰ ਪਰਮ ਰੂਪੇ॥"

ਇਸ ਪੰਗਤੀ ਦਾ ਉਚਾਰਨ ਭੀ "ਨਮੋ ਰਾਜ ਰਾਜੇਸ੍ਵਰੰ; ਪਰਮ ਰੂਪੇ॥" ਕਰਨਾ ਹੈ। ਅਗਲੀ ੫੧ਵੀਂ ਪਉੜੀ ਵਿਚ ਭੀ "ਨਮੋ ਜੋਗ ਜੋਗੇਸ੍ਵਰੰ; ਪਰਮ ਸਿੱਧੇ॥ ਨਮੋ ਰਾਜ ਰਾਜੇਸ੍ਵਰੰ; ਪਰਮ ਬ੍ਰਿਧੇ॥" ਉਚਾਰਨ ਕਰਨਾ ਹੈ। ੫੨ਵੀਂ ਪਉੜੀ ਵਿਚ ਭੀ "ਨਮੋ ਜੋਗ ਜੋਗੇਸ੍ਵਰੰ; ਪਰਮ ਜੁਗਤੇ॥" ਐਸੇ ਹੀ ਉਚਾਰਨ ਕਰਨਾ ਹੈ। ਪੋਥੀਆਂ ਵਿਚ ਜਾਂ ਦਸਮ ਦੇ ਸਰੂਪਾਂ ਵਿਚ ਗੁਰੂ ਮਹਾਰਾਜ ਜੀ ਦੇ ਲਿਖੇ ਹੋਏ ਬਿਸਰਾਮ ਨਹੀਂ ਬਦਲਣੇ।

ਗੁਟਕਾ ਪੰਨਾ

| | |
|---|---|
| ੪੩ | ਦੇਵੇ ਸੁਧਰਮੇ [੧] ॥ (ਸੁ-ਧਰਮੇ ਇਕੱਠਾ ਬੋਲੋ) |
| ੪੩ | ਨਮਸਤੰ ਇਸਨਾਨੰ [੨]॥ |
| ੪੪ | ਸਦਾ ਸਚਦਾਨੰਦ [੩]॥ |
| ੪੪ | ਸਦਾ ਸਿਧ ਦਾ॥ ਬੁਧ ਦਾ; ਬ੍ਰਿਧ ਕਰਤਾ॥ |
| ੪੪ | ਸਦਾ ਸਰਬ ਦਾ॥ ਸਿਧ; ਦਾਤਾ ਦਿਆਲੰ [੪]॥ |

੧. ਇੰਦਰ ਦੇ ਭੀ ਪ੍ਰਕਾਸ਼ ਕਰਨ ਵਾਲੇ ਹੋ ਵਾ ਦੇਵਤਿਆਂ ਵਿਚ ਇੰਦਰ ਰੂਪ ਭੀ ਆਪ ਹੋ। ੨. ਕਈਆਂ ਨੇ ਇਥੇ ਪਾਠ, 'ਨਮਸਤੰ ਇਸਨਾਨੇ' ਤੁਕਾਂਤ ਮੇਲਣ ਵਾਸਤੇ ਗੁਟਕਿਆਂ ਵਿਚ ਲਿਖ ਦਿੱਤਾ ਹੈ। ਪਰ ਜਿਵੇਂ ਗੁਰੂ ਮਹਾਰਾਜ ਜੀ ਨੇ ਲਿਖਿਆ ਹੈ ਉਵੇਂ ਹੀ ਠੀਕ ਹੈ। ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭੀ ਬਹੁਤ ਸਾਰੀਆਂ ਐਸੀਆਂ ਤੁਕਾਂ ਹਨ ਜਿਨਾਂ ਦੇ ਅੰਤਲੇ ਕਾਫੀਏ ਨਹੀਂ ਮਿਲਦੇ ਹੋਰ ਬਹੁਤਾ ਵਿਵਾਦ ਵਿਚ ਕੀ ਪੈਣਾ ਹੈ? ੩. ਉਹ ਪ੍ਰਮੇਸਰ ਸਦਾ ਸਤਿ ਚਿਤ ਅਨੰਦ ਸਰੂਪ ਹੈ। ੪. ਅਨਵੈ, ਦਾਤਾ ਦਿਆਲੰ ਸਦਾ ਸਰਬ ਸਿਧ ਦਾ। ਉਹ ਦਿਆਲੂ ਦਾਤਾ ਸਦਾ (ਸਰਬ) ਸਾਰੀਆਂ ਸਿਧੀਆਂ (ਦਾ) ਦੇਣ ਵਾਲਾ ਹੈ।

ਗੁਟਕਾ ਪੰਨਾ

੪੪ | ਪਰਮ ਪਰਮ ਪਰਮੇ॥ ਸ੍ਵਰੰ ਪ੍ਰੋਛ ਪਾਲੰ॥*

੪੪ | ਸਮਸਤੋ ਪਰਾਜੀ [1]॥

੪੬ | ਸਦਾ ਸਰਬ ਦਾ॥ ਰਿਧਿ ਸਿਧੰ ਨਿਵਾਸੀ [2]॥

---

੧. ਸਮਸਤੋ ਪਰਾਜੀ ਪਦ ਇਕੱਠਾ ਹੀ ਹੈ ਪਰ ਬੋਲਣ ਵਾਸਤੇ ਸਮਸਤੋ - ਪਰਾਜੀ ਵਖਰਾ ਕਰਨਾ ਹੈ। ਕਿਉਂਕਿ ਸਮਸਤੋ ਦੇ ਹੋੜੇ ਵਿਚੋਂ ਸੰਧੀ ਨਿਕਲ ਕੇ ਅਰਥ ਵਾਸਤੇ "ਓ-ਪਰਾਜੀ" ਬਣ ਜਾਣਾ ਹੈ। ਭਾਵ ਸਭ ਨੂੰ ਪੈਦਾ ਕਰਨ ਵਾਲਾ ਹੈ। ੨. ਅਨਵੈ, ਸਦਾ ਰਿਧਿ ਸਿਧੰ ਦਾ, ਸਰਬ ਨਿਵਾਸੀ॥ ਉਹ ਵਾਹਿਗੁਰੂ ਸਦਾ ਰਿਧੀਆਂ ਸਿਧੀਆਂ ਦੇ (ਦਾ) ਦੇਣ ਵਾਲਾ ਅਤੇ (ਸਰਬ) ਸਾਰਿਆਂ ਵਿਚ (ਨਿਵਾਸੀ) ਵਾਸਾ ਕਰਨ ਵਾਲਾ ਹੈ।

*ਇਸ ਦਾ ਉਚਾਰਨ "ਪਰਮ ਪਰਮ ਪਰਮੇਸ੍ਵਰੰ; ਪ੍ਰੋਛ ਪਾਲੰ॥" ਐਸੇ ਹੀ ਕਰਨਾ ਹੈ। ਪੂਰਬੋਕਤ ਅਜਿਹੀਆਂ ਪੰਗਤੀਆਂ ਵਾਂਗ।

| ਗੁਟਕਾ ਪੰਨਾ | |
|---|---|
| ੪੭ | ਨਾਮ ਠਾਮ, ਨ ਜਾਤ ਜਾ [1] ਕਰ; ਰੂਪ ਰੰਗ ਨ ਰੇਖ॥ |
| ੫੦ | ਆਪ ਰੂਪ ਅਮੀਕ ਅਨਉਸਤਤਿ; [2] |
| | ਏਕ ਪੁਰਖ ਅਵਧੂਤ॥ |
| | (ਬੋਲਣ ਵਾਸਤੇ ਅਨ-ਉਸਤਤਿ ਹੈ ਪਰ ਪਾਠ ਇਕੱਠਾ ਹੀ ਹੈ) |
| ੫੧ | ਪਰਮ ਬੇਦ ਪੁਰਾਨ ਜਾ ਕਹਿ; [3] ਨੇਤ ਭਾਖਤ ਨਿੱਤ॥ |
| ੫੨ | ਆਲਿਸ੍ਯ ਕਰਮ॥ ਆਦ੍ਰਿਸ੍ਯ ਧਰਮ॥ |
| | ਸਰਬਾ ਭਰਣਾਢ੍ਯ॥ ਅਨਡੰਡ ਬਾਢ੍ਯ॥ |
| | (ਆਦ੍ਰਿਸੈ, ਆਲਿਸੈ, ਭਰਣਾਢੈ ਅਤੇ ਬਾਢੈ ਬੋਲੋ) |
| ੫੩ | ਚੱਤ੍ਰ ਚੱਕ੍ਰ ਮਾਨ੍ਯੇ॥ ਚੱਤ੍ਰ ਚੱਕ੍ਰ ਦਾਨ੍ਯੇ॥ |
| | (ਮਾਨਇਐ ਬੋਲੋ, ਦਾਨਇਐ ਬੋਲੋ) |
| ੫੩ | ਪਰੇ [4] ਹੈਂ॥ (ਹੈਂ ਪਾਠ ਵੱਖਰਾ ਕਰਨਾ ਹੈ) |
| ੫੬ | ਕਿ ਸਰਬਤ੍ਰ ਜਾ [5] ਹੋ॥ ਕਿ ਸਰਬਤ੍ਰ ਭਾ [6] ਹੋ॥ |

---

੧. ਜਿਸ ਦਾ। ੨. ਉਸਤਤ ਤੋਂ ਰਹਿਤ ਭਾਵ ਉਸ ਦੀ ਪੂਰਨ ਉਸਤਤ ਨਹੀਂ ਹੋ ਸਕਦੀ। ੩. ਜਿਸ ਦੇ ਤਾਈਂ। ੪.ਪਰਾ ਰੂਪ ਹੈਂ ਸਭ ਦਾ। ੫. ਕਿ ਆਪ ਸਾਰੀਆਂ (ਜਾ) ਜਗਾ ਵਿਚ ਹੋ। ੬. ਕਿ ਆਪ ਸਾਰਿਆਂ ਵਿਚ ਸੋਭਾ ਵਾਲੇ ਹੋ ਵਾ ਸਭ ਦੇ ਪ੍ਰਕਾਸ਼ਕ ਹੋ ਵਾ ਸਭ ਨੂੰ ਭਾਉਂਦੇ ਹੋ।

| ਗੁਟਕਾ ਪੰਨਾ | |
|---|---|
| ੫੮ | ਸੁਜੁਗਤਿ [੧] ਸੁਧਾ ਹੈਂ॥ (ਸੁ-ਜੁਗਤਿ ਬੋਲੋ) |
| ੫੯ | ਸੁ [੨] ਸਰਬਾ ਅਨੁਰਾਗੇ [੩]॥ (ਅਨੁ-ਰਾਗੇ ਬੋਲੋ) |
| ੬੦ | ਅਨਉਕਤ [੪] ਸਰੂਪ ਹੈਂ॥ |
| ੬੧ | ਸੁ [੫] ਨਿੱਤ ਹੈਂ॥ |
| ੬੫ | ਕਿ ਅਚਲੰ ਪ੍ਰਕਾਸ ਹੈਂ॥ (ਅਚੱਲੰ ਨਹੀਂ ਕਰਨਾ, ਅਚ-ਲੰ ਬੋਲੋ) |
| ੬੫ | ਕਿ ਅਮਿਤੋ [੬] ਸੁ ਬਾਸ ਹੈਂ॥ (ਅ-ਮਿੱਤੋ ਬੋਲੋ) (ਦੂਜਾ ਪਾਠ 'ਸੁਬਾਸ'[੭]) |
| ੬੫ | ਕਿ ਅਮਿਤੋ ਪਸਾ [੮] ਹੈਂ॥ (ਪੱਸਾ ਨਹੀਂ ਬੋਲਣਾ) |

---

੧. ਆਪ ਸਭ ਵਿਚ (ਸੁ) ਭਲੀ ਪ੍ਰਕਾਰ ਜੁੜੇ ਹੋਏ ਹੈਂ ਅਤੇ (ਸੁਧਾ) ਅੰਮ੍ਰਿਤ ਰੂਪ ਹੈਂ। ੨. ਭਲੀ ਪ੍ਰਕਾਰ ਆਪ। ੩. ਸਾਰਿਆਂ ਦੇ ਮੋਹ ਤੋਂ ਰਹਿਤ ਹੋ। ੪. ਕਥਨ ਤੋਂ ਰਹਿਤ। ੫. ਸੋ ਈਸ਼ਰ ਰੂਪ ਹੋਣੇ ਤੇ ਨਿੱਤ ਰੂਪ ਹੈਂ। ੬. ਮਰਯਾਦਾ ਤੋਂ ਪਰੇ ਤੇ (ਸੁ) ਭਲੀ ਪ੍ਰਕਾਰ ਸਭ ਵਿਚ ਵਸਦਾ ਹੈਂ। ੭. ਆਪ ਜੀ ਦੀ ਸ੍ਰੇਸ਼ਟ ਭਗਤੀ ਰੂਪੀ ਵਾਸ਼ਨਾ ਸੰਸਾਰਕ ਮਰਯਾਦਾ ਤੋਂ ਪਰੇ ਹੈਂ। ੮. (ਕਿ) ਜੋ ਆਪ ਸੰਸਾਰ (ਪਸਾ) ਪਸਾਰੇ ਦੀ (ਅਮਿਤੋ) ਮਰਯਾਦਾ ਤੋਂ ਰਹਿਤ ਹੈਂ ਵਾ ਆਪ ਜੀ ਦੀ ਮਿਣਤੀ ਤੋਂ ਰਹਿਤ (ਪਸਾ) ਦਾਤ ਹੈਂ।

ਗੁਟਕਾ ਪੰਨਾ

੬੭ | ਕਰੁਣਾਲਯ [1] ਹੈਂ॥ (ਕਰੁਣਾਲੈ ਬੋਲੋ)

੬੮ | ਮਨ ਮਾਨਿਯ ਹੈਂ॥ (ਮਾਨਇਐ ਬੋਲੋ)

| ਜਗ ਜਾਨਿਯ ਹੈਂ॥ (ਜਾਨਇਐ ਬੋਲੋ)

੬੮ | ਕਰੁਣਾ [2] ਕਰ ਹੈਂ॥ ਬਿਸ੍ੰ-ਭਰ [3] ਹੈਂ॥

੬੮ | ਪਰ ਤੇ ਪਰ ਹੈਂ॥ ਕਰੁਣਾਕਰ [4] ਹੈਂ॥

| ਸਰਬ ਪਾਸਿਯ ਹੈਂ॥ ਸਰਬ ਨਾਸਿਯ ਹੈਂ॥

| (ਪਾਸਇਐ ਅਤੇ ਨਾਸਇਐ ਬੋਲੋ)

੬੮ | ਅਜਪਾ ਜਪ ਹੈਂ॥ ਅਥਪਾ ਥਪ ਹੈਂ॥

| (ਅ-ਜਪਾ ਅਤੇ ਅ-ਥਪਾ ਬੋਲੋ, ਅਜ-ਪਾ ਅਤੇ ਅਥ-ਪਾ ਨਹੀਂ ਕਰਨਾ)

੭੧ | ਅਲਖ॥ ਅਭਖ॥ (ਅਲੱਖ ਤੇ ਅਭੱਖ ਬੋਲੋ)

---

੧. ਕਰੁਣ-ਆਲੈ, ਕਿਰਪਾ ਦੇ ਘਰ ਹੈਂ। ੨. (ਕਰੁਣਾ) ਸੰਸਾਰ ਨੂੰ ਕਰਨ ਵਾਲਾ ਹੈ। ਯਥਾ:- ਕੀਤਾ ਕਰਣਾ ਸਰਬ ਰਜਾਈ ਕਿਛੁ ਕੀਚੈ ਜੇ ਕਰਿ ਸਕੀਐ।। (ਮਹਲਾ ੪ ਪੰਨਾ ੭੩੬) ਜਿੰਨਾਂ ਭੀ (ਕਰੁਣਾ) ਸੰਸਾਰ ਕੀਤਾ ਹੈ, ਉਹ ਸਾਰਾ ਤੇਰੀ ਰਜ਼ਾ ਵਿਚ ਹੈ। ਵਾ (ਕਰੁਣਾ) ਕ੍ਰਿਪਾ (ਕਰ) ਕਰਨ ਵਾਲਾ ਹੈਂ।

੩.ਸੰਸਾਰ ਨੂੰ ਭਰਨ ਵਾਲਾ ਹੈਂ (ਇਸ ਦਾ ਉਚਾਰਨ ਬਿਸੁਅੰ-ਭਰ ਹੈ)। ੪. ਕਰੁਣ-ਆਕਰ=ਕਿਰਪਾ ਦੀ ਖਾਣ ਹੈਂ।

# ਤ੍ਵ ਪ੍ਰਸਾਦਿ ਸ੍ਵਯੇ

ੴ ਸਤਿਗੁਰ ਪ੍ਰਸਾਦਿ॥

॥ਪਾਤਸਾਹੀ ੧੦॥ ਤ੍ਵ ਪ੍ਰਸਾਦਿ *॥

॥ਸ੍ਵਯੇ॥

* ਇਸ (ਤ੍ਵ ਪ੍ਰਸਾਦਿ) ਤੋਂ ਪਹਿਲਾਂ ਜੋ ਮੰਗਲ ਲਿਖਿਆ ਗਿਆ ਹੈ। ਇਹ ਪੁਰਾਤਨ ਨਿਤਨੇਮ ਦੇ ਗੁਟਕਿਆਂ ਵਿਚ ਇਸੇ ਤਰ੍ਹਾਂ ਆਉਂਦਾ ਹੈ। ਇਸ ਦਾ ਹਵਾਲਾ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲਿਆਂ ਨੇ ਇਕ ਦਸਵੇਂ ਪਾਤਿਸ਼ਾਹ ਜੀ ਦੇ ਸਮੇਂ ਦਾ ਨਿਤਨੇਮ ਦਾ ਗੁਟਕਾ "ਰਵਾਲਸਰ" ਵਿਖੇ ਵੇਖਿਆ ਸੀ ਜੋ ਉਥੇ ਦੇ ਪ੍ਰੇਮੀ ਗੁਰੂ ਮਹਾਰਾਜ ਜੀ ਦੇ ਸਮੇਂ ਦਾ ਉਹ ਗੁਟਕਾ ਦੱਸਦੇ ਸਨ।

ਹੋਰ:- ਸ੍ਰੀ ਮਾਨ ਸੰਤ ਸੰਪੂਰਣ ਸਿੰਘ ਜੀ ਮਹਾਨ ਵੈਦ ਤੇ ਗੁਰਸਿੱਖ ਅਭਿਆਸੀ ਮਹਾਂ ਪੁਰਖੁ (ਸ੍ਰੀ ਅਨੰਦ ਪੁਰ ਸਾਹਿਬ ਵਾਲੇ) ਜਿਨ੍ਹਾਂ ਤੋਂ ਸੰਤ ਬਾਬਾ ਸੁੰਦਰ ਸਿੰਘ ਜੀ, ਭਿੰਡਰਾਂ ਵਾਲਿਆਂ ਨੇ ਅੰਮ੍ਰਿਤ ਸੰਚਾਰ ਦੀ ਲਿਖਤੀ ਮਰਯਾਦਾ ਲਿਆਂਦੀ

ਸੀ। ਉਸ ਵਿਖੇ ਭੀ ਅੰਮ੍ਰਿਤ ਸੰਚਾਰ ਦੀਆਂ ਨਿਤਨੇਮ ਦੀਆਂ ਪੰਜਾਂ ਬਾਣੀਆਂ ਵਿਚ ਇਸੇ ਤਰ੍ਹਾਂ ਪਹਿਲਾਂ ਮੰਗਲ ਆਉਂਦਾ ਹੈ। ਜਿਨ੍ਹਾਂ ਵਿਚ ਸੰਪੂਰਨ ਅਨੰਦੁ ਸਾਹਿਬ ਭੀ ਹੈ। ਦਸਵੇਂ ਪਾਤਿਸ਼ਾਹ ਜੀ ਨੇ ਭੀ ਸ੍ਰੀ ਅਕਾਲ ਉਸਤਤ ਦੇ ਅਰੰਭ ਵਿਚ "ੴ ਸਤਿਗੁਰ ਪ੍ਰਸਾਦਿ॥ ॥ਪਾਤਸਾਹੀ ੧੦॥" ਇਹ ਮੰਗਲ ਲਿਖਿਆ ਹੈ। ਸ੍ਰੀ ਅਕਾਲ ਉਸਤਤ ਇਕ ਹੀ ਬਾਣੀ ਹੈ। ਉਸ ਵਿਚੋਂ ਹੀ ਮਹਾਰਾਜ ਦਸਮ ਪਾਤਸ਼ਾਹ ਜੀ ਨੇ "ਤ੍ਵ ਪ੍ਰਸਾਦਿ॥ ਸ੍ਵਯੇ॥" ਅੰਮ੍ਰਿਤ ਸੰਚਾਰ ਵਿਚ ਪੜ੍ਹਨ ਵਾਸਤੇ ਕਹੇ ਹਨ। ਜੋ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਨੇ ਗੁਰੂ ਮਹਾਰਾਜ ਜੀ ਦੀ ਆਗਿਆ ਅਨੁਸਾਰ ਵਖਰੀ ਬਾਣੀ ਕਰਨ ਤੋਂ (ਭਾਵ ਨਿਤਨੇਮ ਵਿਚ ਅਕਾਲ ਉਸਤਤ ਦੀ ਸਾਰੀ ਬਾਣੀ ਤੋਂ ਵਖਰਿਆਂ ਪੜ੍ਹਨ ਵਾਸਤੇ) ਉਸ ਦੇ ਆਦਿ ਵਿਚ ਉਹੀ ਮੰਗਲ ਪਹਿਲਾਂ ਰਖ ਦਿੱਤਾ ਹੈ ਜੋ ਸੰਪਰਦਾਈ ਸੰਕੇਤ ਅਨੁਸਾਰ ਪੜ੍ਹਨਾਂ ਜ਼ਰੂਰੀ ਹੈ।

ਨੋਟ:- ੴ ਸਤਿਗੁਰ ਪ੍ਰਸਾਦਿ॥ ਦੇ ਪਿਛੇ ਦੋ ਡੰਡੀਆਂ ਅਤੇ ਫਿਰ "॥ਪਾਤਸਾਹੀ ੧੦॥" ਦੇ ਦੋਨੋਂ ਪਾਸੇ ਅਗੇ ਪਿੱਛੇ ਦੋ-ਦੋ ਡੰਡੀਆਂ ਅਤੇ "ਤ੍ਵ ਪ੍ਰਸਾਦਿ॥" ਪਿਛੇ ਦੋ ਡੰਡੀਆਂ ਫਿਰ

"॥ਸ੍ਵਯੇ॥" ਲਿਖਕੇ ਭੀ ਅੱਗੇ ਪਿਛੇ ਦੋ-ਦੋ ਡੰਡੀਆਂ ਹਨ। ਇਹ ਸਭ ਕੁਝ ਪੁਰਾਣੇ ਦਸਮ ਗ੍ਰੰਥਾਂ ਅਤੇ ਪੋਥੀਆਂ ਵਿਚ ਆਉਂਦੀਆਂ ਹਨ। ਇਸ ਕਰਕੇ ਗੁਟਕੇ ਵਿਚ ਲਿਖ ਦਿੱਤੀਆਂ ਹਨ। ਜੋ ਸ੍ਰੀ ਦਸਮ-ਗ੍ਰੰਥ ਪੜ੍ਹਨ ਦੇ ਸਮੇਂ ਮਹਾਂ-ਪੁਰਸ਼ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਤੋਂ ਵਿਦਿਆ ਪ੍ਰਾਪਤ ਕਰਨ ਵੇਲੇ ਪੋਥੀਆਂ ਸੋਧੀਆਂ ਗਈਆਂ ਸਨ। ਉਹ ਸਾਡੇ ਪਾਸ ਮੌਜੂਦ ਹਨ। ਉਨ੍ਹਾਂ ਦੇ ਹਵਾਲੇ ਅਨੁਸਾਰ ਹੀ ਇਹ ਸਭ ਕੁਝ ਲਿਖਿਆ ਗਿਆ ਹੈ।

ਦਾਸ,

ਮੋਹਣ ਸਿੰਘ।

ਗੁਟਕਾ ਪੰਨਾ

੭੪ | ਸਾਰੇ ਹੀ ਦੇਸ ਕੋ ਦੇਖਿ ਰਹਿਓ ਮਤ;[੧]
| ਕੋਊ ਨ ਦੇਖੀਅਤ ਪ੍ਰਾਨਪਤੀ ਕੇ॥
੭੪ | ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂੰ ਤੇ;
| ਏਕ ਰਤੀ ਬਿਨੁ, ਏਕ ਰਤੀ[੨] ਕੇ॥
(ਦੂਸਰਾ ਰਤੀ ਅਧਕ ਲਾ ਕੇ ਬੋਲੋ, ਰੱਤੀ)
੭੫ | ਗੁੰਜਤ ਗੂੜ ਗਜਾਨ ਕੇ ਸੁੰਦਰ;
| ਹਿੰਸਤ ਹੀ ਹਯਰਾਜ[੩] ਹਜਾਰੇ॥ (ਹੈ-ਰਾਜ ਬੋਲੋ)
੭੫ | ਸ੍ਰੀ ਪਤ[੪] ਸ੍ਰੀ ਭਗਵਾਨ ਭਜੇ ਬਿਨੁ;

---

੧. ਮੱਤਾਂ ਮਤਾਂਤਰਾਂ ਦੇ ਤਾਂਈ ਭਾਵ ਫਿਰਕਿਆਂ ਦੇ ਤਾਂਈ। ੨. ਰੱਤਕ। ੩. ਰਾਜ ਘੋੜੇ। ੪. ਮਾਇਆ ਦੇ ਪਤੀ, ਪ੍ਰਮੇਸਰ ਦੇ। ਸ੍ਰੀ-ਪਤ ਅਰਥ ਵਾਸਤੇ ਇਕੱਠਾ ਹੈ ਅਤੇ ਬੋਲਣ ਵਾਸਤੇ ਵਖਰਾ ਹੈ। ਇਸ ਵਾਸਤੇ ਇਥੇ ਯੋਗ ਰੂੜੀ ਪਦ ਹੋਣ ਤੋਂ ਸੰਕੇਤਕ ਅਰਥ ਹੀ ਲਿਆ ਗਿਆ ਹੈ। ਲਿਖਣ ਵਾਸਤੇ ਸ੍ਰੀ ਤੇ ਪਤ ਨੂੰ ਉਪਰੋਂ ਮੇਲ ਕੇ ਵਿਚ ਡੈਸ਼ (-) ਦਿੱਤੀ ਜਾ ਸਕਦੀ ਹੈ ਜੋ ਨੇੜ ਦੇ ਸਬੰਧਕ ਦੀ ਬੋਧਕ ਹੈ। ਭਾਵ ਜਿਸ ਦਾ ਨਿਰਣੈ ਗੁਰਬਾਣੀ ਪਾਠ ਦਰਸ਼ਨ ਦੇ ਦੂਜੇ ਭਾਗ ਦੇ ੩੩ ਪੰਨੇ ਤੇ ਕੀਤਾ ਗਿਆ ਹੈ। ਉਥੋਂ ਵਿਸ਼ੇਸ਼ ਵੇਖ ਸਕਦੇ ਹੋ।

ਗੁਟਕਾ ਪੰਨਾ

੭੫ | ਅੰਤ ਕਉ ਅੰਤਕੇ [1] ਧਾਮ ਸਿਧਾਰੇ॥

,, | ਬੀਰ ਅਪਾਰ ਬਡੇ ਬਰਿਆਰ;
ਅਬਿਚਾਰਹਿ ਸਾਰ ਕੀ ਧਾਰ ਭਛੱਯਾ॥
(ਭਛੱਈਆ, ਮਲੱਈਆ, ਲਵੱਈਆ, ਦਿਵੱਈਆ ਬੋਲੋ)

,, | ਗਾੜੇ ਗੜ੍ਹਾਨ ਕੇ ਤੋੜਨਹਾਰ;
ਸੁ ਬਾਤਨ ਹੀ ਚਕ ਚਾਰ ਲਵੱਯਾ॥
(ਤੋੜਨ-ਹਾਰ ਬੋਲੋ)

,, | ਪੁੰਨ ਪ੍ਰਤਾਪਨ, ਬਾਢ ਜੈਤ ਧੁਨ; [2]
ਪਾਪਨ ਕੇ ਬਹੁ ਪੁੰਜ ਖਪੈਗੇ॥

੭੮ | ਸਾਧ ਸਮੂਹ ਪ੍ਰਸੰਨ ਫਿਰੈ ਜਗ;
ਸੱਤ੍ਰ ਸਭੈ ਅਵਲੋਕ ਚਪੈਗੇ॥

੭੮ | ਬ੍ਰਹਮ ਮਹੇਸਰ ਬਿਸਨ ਸਚੀ-ਪਤ; [3]
ਅੰਤ ਫਸੇ ਜਮ ਫਾਸ ਪਰੈਗੇ॥

---

੧. ਅੰਤਕ-ਏ=ਅੰਤਕ=ਧਰਮ ਰਾਜ, ਏ=ਦੇ ਘਰ ਪਹੁੰਚ ਗਏ ਭਾਵ ਚਲੇ ਗਏ। ੨. ਪੁੰਨ ਆਤਮਾ ਦਾ ਪ੍ਰਤਾਪ ਵਧ ਜਾਵੇਗਾ (ਜੈਤ) ਜੈ ਜੈਕਾਰ ਦੀ ਧੁਨੀ ਹੋਵੇਗੀ ਸਭ ਥਾਂ। ੩. ਇੰਦਰ।

ਗੁਟਕਾ ਪੰਨਾ

੭੮ ਜੋ ਨਰ ਸ੍ਰੀ-ਪਤਿ ਕੇ ਪ੍ਰਸ ਹੈ ਪਗ;[੧]
ਤੇ ਨਰ ਫੇਰ ਨ ਦੇਹ ਧਰੈਗੇ॥
੭੮ ਬਾਸੁ ਕੀਓ ਬਿਖਿਆਨ ਸੋ ਬੈਠ ਕੈ;
੭੯ ਐਸੇ ਹੀ ਐਸੇ, ਸੁ ਬੈਸ [੨] ਬਿਤਾਇਓ॥
੭੯ ਕੋਊ ਬੁਤਾਨ ਕੌ ਪੂਜਤ ਹੈ ਪਸੁ;
ਕੋਊ ਮ੍ਰਿਤਾਨ ਕੌ ਪੂਜਨ ਧਾਇਓ॥

---

੧. ਚਰਨ। ੨. ਉਮਰ।

# ਚੌਪਈ ਸਾਹਿਬ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

ਪਾਤਸਾਹੀ ੧੦॥

ਕਬਜੋ ਬਾਚ ਬੇਨਤੀ॥ ਚੌਪਈ *॥

* ਉਪਰਲੇ ਮੰਗਲ ਸਮੇਤ ਇਥੇ ਤੋਂ ਲੈ ਕੇ "ਤੀਰ ਸਤਦ੍ਰਵ ਗ੍ਰੰਥ ਸੁਧਾਰਾ", ਤਕ ਅਖੀਰਲਾ ਸ੍ਵੈਯਾ (ਪਾਇ ਗਹੇ ਜਬ ਤੇ ਤੁਮਰੇ) ਅਤੇ ਦੋਹਰਾ, ਅੰਮ੍ਰਿਤ ਸੰਚਾਰ ਵਿਚ ਪੜ੍ਹੇ ਜਾਂਦੇ ਹਨ। ਸੌ ਸਾਖੀ ਵਿਚ ਜਿਥੇ ਪੰਜੇ ਬਾਣੀਆਂ ਦਾ ਨਾਮ ਆਉਂਦਾ ਹੈ ਅਤੇ ਇਕ ਪੁਰਾਣੀ ਲਿਖਤ ਦੀ ਮਰਯਾਦਾ ਜੋ "ਸੰਤ ਸੰਪੂਰਣ ਸਿੰਘ ਜੀ" ਅਨੰਦਪੁਰ ਸਾਹਿਬ ਵਾਲਿਆਂ ਤੋਂ ਲਿਖੀ ਹੋਈ ਮਿਲੀ ਹੈ। (ਜੋ ਪੁਰਾਣੇ ਬਜ਼ੁਰਗਾਂ ਤੋਂ ਚਲੀ ਆਈ ਹੈ) ਉਸ ਵਿਚ ਇਹ ਚੌਪਈ ਅੰਮ੍ਰਿਤ ਸੰਚਾਰ ਵਿਚ ਪੜ੍ਹਨ ਵਾਸਤੇ ਪੰਜਾਂ ਬਾਣੀਆਂ ਵਿਚ ਲਿਖੀ ਹੋਈ ਮਿਲਦੀ ਹੈ ਅਤੇ ਸੰਪੂਰਨ ਅਨੰਦੁ ਸਾਹਿਬ ਮਿਲਦਾ ਹੈ। "ਸੰਤ ਗਿਆਨੀ ਗੁਰਬਚਨ ਸਿੰਘ 'ਖਾਲਸਾ' ਜੀ ਦੀ ਰਸਨਾ ਤੋਂ ਸੁਣਿਆ ਇਹ ਹਵਾਲਾ ਹੈ।"

ਗੁਟਕਾ ਪੰਨਾ

੮੦ | ਮੋ ਰੱਛਾ ਨਿਜੁ ਕਰ ਦੈ ਕਰਿਯੈ॥

੮੧ | ਸਭ ਬੈਰਿਨ ਕੌ ਆਜ ਸੰਘਰਿਯੈ॥

(ਕਰੀਐ ਅਤੇ ਸੰ-ਘਰੀਐ ਬੋਲੋ)

੮੧ | ਸੇਵਕ ਸਿੱਖਜ ਹਮਾਰੇ ਤਾਰਿਯਹਿ॥

ਚੁਨਿ ਚੁਨਿ ਸੱਤ੍ਰੁ ਹਮਾਰੇ ਮਾਰਿਯਹਿ॥

ਆਪੁ ਹਾਥ ਦੈ ਮੁਝੈ ਉਬਰਿਯੈ॥

ਮਰਨ ਕਾਲ ਕਾ ਤ੍ਰਾਸ ਨਿਵਰਿਯੈ॥

(ਤਾਰੀ-ਅਹਿ, ਮਾਰੀ-ਅਹਿ, ਉ-ਬਰੀਐ ਅਤੇ ਨਿ-ਵਰੀਐ ਬੋਲੋ)

ਨੋਟ:- ਜਿਥੇ ਚੌਪਈ ਸਾਹਿਬ ਵਿਚ ਇਸ ਤਰ੍ਹਾਂ ਦੇ ਹੋਰ ਭੀ ਪਦ ਆਉਣ ਉਥੇ ਭੀ ਇਸ ਤਰ੍ਹਾਂ ਹੀ ਉਚਾਰਨ ਕਰਨਾ ਹੈ। ਜੋ ਕਾਵਿ ਰਚਨਾ ਦਾ ਇਕ ਸੰਕੇਤ ਹੈ। ਜਿਥੇ ਛੰਦ ਦੀਆਂ ਮਾਤ੍ਰਾਂ ਲਿਖਣ ਵਿਚ ਪੂਰੀਆਂ ਕਰਨੀਆਂ ਹੋਣ ਉਥੇ ਲਿਖੀ ਹੋਈ ਲਘੂ ਮਾਤ੍ਰਾ ਨੂੰ ਦੀਰਘ ਰੂਪ ਵਿਚ ਉਚਾਰ ਸਕਦੇ ਹਾਂ।

(ਛੰਦ ਰਤਨਾਵਲੀ)

ਗੁਟਕਾ ਪੰਨਾ

੮੧ ਤੁਮਹੋ; ਪੁਰੀ ਚਤੁਰ ਦਸ, ਕੰਤਾ॥

੮੨ ਕਾਲ ਪਾਇ; ਬ੍ਰਹਮਾ ਬਪੁ ਧਰਾ॥

੮੨ ਕਾਲ ਪਾਇ ਕਰਿ; ਬਿਸਨ ਪ੍ਰਕਾਸਾ॥

ਸਕਲ ਕਾਲ ਕਾ; ਕਿਯਾ ਤਮਾਸਾ॥ (ਕੀਆ ਬੋਲੋ)

੮੨ ਸੋਈ ਗੁਰੂ; ਸਮਝਿਯਹੁ ਹਮਾਰਾ॥

(ਸਮਝੀਅਹੁ ਬੋਲੋ)

੮੨ ਸਿਵਕਨ ਕੋ; ਸਵ ਗੁਨ [1] ਸੁਖ ਦੀਯੋ॥

(ਪਾਠੰਤਰ ਸਿਵ ਗੁਨ ਭੀ ਹੈ)

੮੩ ਸਭ ਪਰ; ਕ੍ਰਿਪਾ ਦ੍ਰਿਸਟਿ ਕਰਿ, ਫੂਲਾ॥

ਸੰਤਨ ਦੁਖ ਪਾਏ ਤੇ; ਦੁਖੀ॥

੮੩ ਤੁਮ ਮੈ ਮਿਲਤ; ਦੇਹ-ਧਰ [2] ਸਭ ਹੂੰ॥

੮੭ ਕ੍ਰਿਪਾ ਕਰੀ; ਹਮ ਪਰ, ਜਗ ਮਾਤਾ *॥

ਗ੍ਰੰਥ ਕਰਾ ਪੂਰਨ; ਸੁਭ ਰਾਤਾ॥

੮੭ ਦੁਸਟ ਦੋਖਿਯਨ ਕੌਂ; ਛੈ ਕਰਤਾ॥ (ਦੋਖੀਅਨ ਬੋਲੋ)

---

੧. ਸੌ ਗੁਣਾ। ੨. ਦੇਹ ਧਾਰੀ ਭਾਵ ਸਰੀਰ।

*ਨੋਟ:- ਅੰਮ੍ਰਿਤ ਸੰਚਾਰ ਵਿਚ ਅਤੇ ਅੰਮ੍ਰਿਤ ਵੇਲੇ ਦੀਆਂ

ਨਿਤਨੇਮ ਦੀਆਂ ਬਾਣੀਆਂ ਵਿਚ ਪੜ੍ਹਨ ਵਾਸਤੇ ਕਈਆਂ ਨੇ "ਖੜਗਕੇਤ" ਵਾਲੀ ਪਉੜੀ ਤਕ ਹੀ ਪੜ੍ਹਨਾ ਸ਼ੁਰੂ ਕਰ ਦਿੱਤਾ ਹੈ। ਇਹ ਕਦੋਂ ਦਾ ਤੇ ਕਿਉਂ ਐਸਾ ਕੀਤਾ ਗਿਆ? ਗੁਰੂ ਮਹਾਰਾਜ ਜੀ ਨੇ ਤਾਂ, ਭਾਈ ਮਨੀ ਸਿੰਘ ਜੀ ਤੋਂ ਅੰਮ੍ਰਿਤ ਸੰਚਾਰ ਅਤੇ ਨਿਤਨੇਮ ਦੀਆਂ ਬਾਣੀਆਂ ਵਿਚ ਅੰਮ੍ਰਿਤ ਵੇਲੇ ਪੜ੍ਹਨ ਵਾਸਤੇ "ਤੀਰ ਸਤਦ੍ਰਵ ਗ੍ਰੰਥ ਸੁਧਾਰਾ" ਅਤੇ ਸ੍ਵੈਯਾ, "ਪਾਇ ਗਹੇ ਜਬ ਤੇ ਤੁਮਰੇ" ਸਮੇਤ ਦੋਹਰਾ "ਸਗਲ ਦੁਆਰ ਕਉ ਛਾਡਿ ਕੈ...॥" ਤਕ ਹੀ ਲਿਖਵਾ ਕੇ ਚੌਪਈ ਨੂੰ ਸੰਪੂਰਨ ਕੀਤਾ ਹੈ। ਜੋ ਸਾਰੇ ਪੁਰਾਤਨ ਗੁਰ ਸਿੱਖ ਖਾਲਸੇ ਅਤੇ ਸਾਧੂ ਮਹਾਤਮਾ, ਸਾਰੀਆਂ ਗੁਰੂ ਕੀਆਂ ਸੰਗਤਾਂ ਸਮੇਤ ਪੜ੍ਹਦੇ ਆਏ ਹਨ। ਇਹੀ ਮ੍ਰਯਾਦਾ ਗੁਰੂ ਮਹਾਰਾਜ ਜੀ ਦੀ ਚਲਾਈ ਹੋਈ ਸੰਪ੍ਰਦਾਇ ਵਿਚ ਭੀ ਪੜ੍ਹੀ ਚਲੀ ਆ ਰਹੀ ਹੈ। ਹੁਣ ਕਦੋਂ ਤੇ ਕਿਵੇਂ ਦਾ ਉਤਰ ਇਹ ਹੈ। ਅੰਗਰੇਜ ਰਾਜ ਵੇਲੇ ਇਕ ਬਾਬੂ ਤੇਜਾ ਸਿੰਘ ਭਸੌੜੀਆ ਹੋਇਆ ਹੈ (ਭਸੌੜ ਸੰਗਰੂਰ ਦੇ ਜ਼ਿਲੇ ਵਿਚ ਇਕ ਪਿੰਡ ਹੈ ਜੋ ਧੂਰੀ ਮਲੇਰਕੋਟਲਾ ਸੜਕ ਉਪਰ ਹੈ। ਜਿਥੇ ਇਨ੍ਹਾਂ ਦੇ ਪ੍ਰਚਾਰ ਦਾ ਮੁੱਖ ਕੇਂਦਰ ਸੀ) ਜੋ ਭਸੌੜ ਨਾਮੇ ਪਿੰਡ ਵਿਚ ਇਨ੍ਹਾਂ ਦਾ ਮੁੱਖ ਕੇਂਦਰ ਹੋਣ ਤੋਂ ਇਨ੍ਹਾਂ ਨੂੰ ਭਸੌੜੀਏ ਕਹਿਣ ਲੱਗ ਪਏ। ਇਨ੍ਹਾਂ ਦੇ ਪ੍ਰਚਾਰ ਦੇ ਪਿਛੋਕੜ ਵਿਚ ਅੰਗਰੇਜ਼ਾਂ ਦੀ ਸਿਆਸਤ ਸੀ ਕਿ ਗੁਰਸਿੱਖਾਂ ਦਾ ਭਰੋਸਾ ਗੁਰਬਾਣੀ ਵਿਚ ਹੈ। ਜਿਸ ਕਾਰਣ ਕਰਕੇ ਇਹ ਸਾਰੇ

ਇਕ ਰਹਿੰਦੇ ਹਨ। ਗੁਰਬਾਣੀ ਵਿਚ ਸ਼ੰਕੇ ਪੈਦਾ ਕਰਕੇ ਇਨ੍ਹਾਂ ਨੂੰ ਵੱਖੋ-ਵੱਖਰੇ ਧੜਿਆਂ ਵਿਚ ਪਾੜਿਆ ਜਾਵੇ। "ਪਾੜੋ ਤੇ ਰਾਜ ਕਰੋ" ਵਾਲੀ ਨੀਤੀ ਜੋ ਉਨ੍ਹਾਂ ਦੇ ਹਿੰਦੁਸਤਾਨ ਵਿਚ ਸਭ ਕੌਮਾਂ ਵਾਸਤੇ ਅਪਣਾਈ ਹੋਈ ਸੀ। ਸਿੱਖਾਂ ਵਾਸਤੇ ਭੀ ਇਹ ਹੀ ਨੀਤੀ ਵਰਤੀ। ਬਾਬੂ ਤੇਜਾ ਸਿੰਘ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬਾਣੀਆਂ ਵਿਚ ਸ਼ੰਕੇ ਉਠਾਉਣੇ, ਹੋਰ ਨਿਤਨੇਮ ਦੀਆਂ ਬਾਣੀਆਂ ਵਿਚ ਫਰਕ ਪਾ ਪਾ ਕੇ ਨਿਸਕਪਟ ਤੇ ਭੋਲੀਆਂ ਸੰਗਤਾਂ ਨੂੰ ਵਰਗਲਾਉਣ ਦਾ ਕੰਮ ਕਰਦੇ ਰਹੇ। ਜੇ ਕੋਈ ਕਹੇ, ਐਸਾ ਕਿਉਂ ਕਰਦੇ ਰਹੇ ਤਾਂ ਪ੍ਰਮੇਸ਼ਰ ਦੀ ਮਾਇਆ ਪਰਬਲ ਹੈ, ਮਾਇਆ ਦੇ ਲੋਭ ਲਾਲਚ ਅਤੇ ਸਰਕਾਰ ਤੋਂ ਉਚ-ਪਦਵੀ ਪ੍ਰਾਪਤ ਕਰਨ ਵਾਸਤੇ ਮਾਇਆ ਦੀ ਲਪੇਟ ਵਿਚ ਆ ਗਏ। ਜਿਵੇਂ ਅੱਜ ਦੇ ਸਮੇਂ ਵਿਚ ਭੀ ਇਨ੍ਹਾਂ ਦੋ ਗੱਲਾਂ ਕਰਕੇ ਹੀ ਮਾਇਆ ਦਾ ਲੋਭ ਅਤੇ ਉਚ-ਪਦਵੀ (ਕੁਰਸੀ) ਵਾਸਤੇ ਹੀ ਪੰਥ ਵਿਚ ਮੁਖੀ ਆਗੂ ਫੁੱਟ ਦਾ ਕਾਰਨ ਬਣ ਰਹੇ ਹਨ। ਹੁਣ ਲਓ "ਕ੍ਰਿਪਾ ਕਰੀ ਹਮ ਪਰ ਜਗ ਮਾਤਾ" ਇਥੋਂ ਤੋਂ ਲੈ ਕੇ ਇਨ੍ਹਾਂ ਲੋਕਾਂ ਨੇ ਸੰਗਤਾਂ ਦੇ ਵਿਚ ਇਉਂ ਪ੍ਰਚਾਰ ਕਰਕੇ ਕਿ ਅੱਗੇ ਜੋ "ਮਾਤਾ" ਪਦ ਆਇਆ ਹੈ ਇਹ ਦੇਵੀ ਦਾ ਵਾਚਕ ਹੈ। ਇਸ ਲਈ ਇਹ ਗੁਰੂ ਮਹਾਰਾਜ ਜੀ ਦੇ ਆਸ਼ੇ ਤੋਂ ਉਲਟ ਹੈ। ਇਨ੍ਹਾਂ ਲੋਕਾਂ ਨੇ ਇਹ ਨਹੀਂ ਵਿਚਾਰਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ "ਹਰਿ

ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ ਜਗਤੁ ਦਿਖਾਇਆ॥" (ਅਨੰਦੁ ਸਾਹਿਬ) "ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥" (ਮਾਝ ਰਾਗੁ ਪੰਨਾ ੧੦੩ ) ਅਤੇ ਦਸਵੇਂ ਪਾਤਸਾਹ ਜੀ ਦੇ "ਸ੍ਰੀ ਜਾਪੁ ਸਾਹਿਬ" ਵਿਚ "ਨਮੋ ਪਰਮ ਗਿਆਤਾ॥ ਨਮੋ ਲੋਕ ਮਾਤਾ॥"(ਪ੨ਵੀਂ ਪਉੜੀ) ਆਦਿ ਬਹੁਤ ਸਾਰੇ ਵਾਕ 'ਅਭਿੰਨ ਨਮਿੱਤ ਉਪਾਦਾਨ ਕਾਰਨ' ਦੇ ਬੋਧਿਕ ਹਨ। ਬੇਸ਼ਕ ਇਹ ਉਪਰਲੇ ਸਿਧਾਂਤ ਨੂੰ ਸਮਝਦੇ ਭੀ ਹੋਣਗੇ ਪਰ ਸੰਗਤਾਂ ਵਿਚ ਦੁਬਿਧਾ ਪਾਉਣ ਦੇ ਕਾਰਨ ਬਣ ਗਏ ਹਨ। ਏਹੀ ਇਕ ਗਲ ਨਹੀਂ ਹੈ ਸਗੋਂ ਸਾਰੀ ਰਹਰਾਸਿ ਵਿਚ ਭੀ ਐਸੇ ਸ਼ੰਕੇ ਪੈਦਾ ਕਰਕੇ ਸੰਪੂਰਨ ਰਹਰਾਸਿ ਪੜ੍ਹਨੀ ਬੰਦ ਕਰਵਾ ਦਿੱਤੀ। ਕਮੇਟੀ ਵਿਚ ਭੀ ਐਸਾ ਅੰਸਰ ਵਧ ਜਾਣ ਤੋਂ ਉਹ ਭੀ ਐਸਾ ਹੀ ਕਰਨ ਲਗ ਪਏ। ਬਹੁਤਾ ਕੀ ਕਹਿਣਾ, ਇਨ੍ਹਾਂ ਲੋਕਾਂ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ "ਰਾਗ ਮਾਲਾ", "ਭਗਤਾਂ ਦੀ ਬਾਣੀ", "ਭਟਾਂ ਦੇ ਸਵਈਏ", "ਰਾਮਕਲੀ ਸਦੁ" ਤੇ "ਰਾਮਕਲੀ ਸਤੇ ਬਲਵੰਡੇ ਦੀ ਵਾਰ" ਆਦਿ ਤੇ ਸ਼ੰਕੇ ਖੜੇ ਕਰ ਕਰ ਕੇ ਬਹੁਤ ਵਿਵਾਦ ਕੀਤੇ ਜੋ ਪੁਰਾਣੇ ਸਿੰਘ ਜਾਣਦੇ ਹਨ। ਇਹ ਕਦੋਂ ਦੇ ਉੱਤਰ ਵਿਚ, ਮਹਾਂ-ਪੁਰਸ਼ ਸੰਤ ਗਿਆਨੀ ਗੁਰਬਚਨ ਸਿੰਘ 'ਖਾਲਸਾ' ਜੀ ਨੇ ਸ੍ਰੀ ਰਹਰਾਸਿ ਵਿਖੇ ਕਿ ਕਦੋਂ ਤੋਂ ਘੱਟ ਰਹਰਾਸਿ ਪੜ੍ਹਨ ਲਗੇ ਹਨ,

ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ ਜਗਤੁ ਦਿਖਾਇਆ॥" (ਅਨੰਦੁ ਸਾਹਿਬ) "ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥" (ਮਾਝ ਰਾਗੁ ਪੰਨਾ ੧੦੩ ) ਅਤੇ ਦਸਵੇਂ ਪਾਤਸਾਹ ਜੀ ਦੇ "ਸ੍ਰੀ ਜਾਪੁ ਸਾਹਿਬ" ਵਿਚ "ਨਮੋ ਪਰਮ ਗਿਆਤਾ॥ ਨਮੋ ਲੋਕ ਮਾਤਾ॥"(੫੨ਵੀਂ ਪਉੜੀ) ਆਦਿ ਬਹੁਤ ਸਾਰੇ ਵਾਕ 'ਅਭਿੰਨ ਨਮਿੱਤ ਉਪਾਦਾਨ ਕਾਰਨ' ਦੇ ਬੋਧਿਕ ਹਨ। ਬੇਸ਼ਕ ਇਹ ਉਪਰਲੇ ਸਿਧਾਂਤ ਨੂੰ ਸਮਝਦੇ ਭੀ ਹੋਣਗੇ ਪਰ ਸੰਗਤਾਂ ਵਿਚ ਦੁਬਿਧਾ ਪਾਉਣ ਦੇ ਕਾਰਨ ਬਣ ਗਏ ਹਨ। ਏਹੀ ਇਕ ਗਲ ਨਹੀਂ ਹੈ ਸਗੋਂ ਸਾਰੀ ਰਹਰਾਸਿ ਵਿਚ ਭੀ ਐਸੇ ਸ਼ੰਕੇ ਪੈਦਾ ਕਰਕੇ ਸੰਪੂਰਨ ਰਹਰਾਸਿ ਪੜ੍ਹਨੀ ਬੰਦ ਕਰਵਾ ਦਿੱਤੀ। ਕਮੇਟੀ ਵਿਚ ਭੀ ਐਸਾ ਅੰਸਰ ਵਧ ਜਾਣ ਤੋਂ ਉਹ ਭੀ ਐਸਾ ਹੀ ਕਰਨ ਲਗ ਪਏ। ਬਹੁਤਾ ਕੀ ਕਹਿਣਾ, ਇਨ੍ਹਾਂ ਲੋਕਾਂ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ "ਰਾਗ ਮਾਲਾ", "ਭਗਤਾਂ ਦੀ ਬਾਣੀ", "ਭਟਾਂ ਦੇ ਸਵਈਏ", "ਰਾਮਕਲੀ ਸਦੁ" ਤੇ "ਰਾਮਕਲੀ ਸਤੇ ਬਲਵੰਡੇ ਦੀ ਵਾਰ" ਆਦਿ ਤੇ ਸ਼ੰਕੇ ਖੜੇ ਕਰ ਕਰ ਕੇ ਬਹੁਤ ਵਿਵਾਦ ਕੀਤੇ ਜੋ ਪੁਰਾਣੇ ਸਿੰਘ ਜਾਣਦੇ ਹਨ। ਇਹ ਕਦੋਂ ਦੇ ਉੱਤਰ ਵਿਚ, ਮਹਾਂ-ਪੁਰਸ਼ ਸੰਤ ਗਿਆਨੀ ਗੁਰਬਚਨ ਸਿੰਘ 'ਖਾਲਸਾ' ਜੀ ਨੇ ਸ੍ਰੀ ਰਹਰਾਸਿ ਵਿਖੇ ਕਿ ਕਦੋਂ ਤੋਂ ਘੱਟ ਰਹਰਾਸਿ ਪੜ੍ਹਨ ਲਗੇ ਹਨ,

ਚੰਗੀ ਤਰ੍ਹਾਂ ਵਿਸਥਾਰ ਨਾਲ ਗੁਰਬਾਣੀ-ਪਾਠ ਦਰਸ਼ਨ ਦੇ ਪਹਿਲੇ ਭਾਗ, "ਗੁਰਮਤਿ ਸੰਸਕਾਰ ਮਰਯਾਦਾ" ਅੰਦਰ ਲਿਖਿਆ ਹੈ ਉਥੋਂ ਦੇਖ ਲਓ। ਜਾਂ ਹੁਣ ਅਸੀਂ ਸੰਗਤਾਂ ਦੀ ਸਹੂਲਤ ਵਾਸਤੇ ਇਸੇ ਗੁਟਕੇ ਵਿਚ "ਸ੍ਰੀ ਰਹਰਾਸਿ ਬਾਰੇ ਵਿਚਾਰ" ਦੇ ਸਿਰਲੇਖ ਅੰਦਰ ਇੰਨ੍ਹ-ਬਿੰਨ੍ਹ ਮਹਾਂ-ਪੁਰਸ਼ਾਂ ਦੀ ਉਹੀ ਲੇਖਣੀ ਲਿਖ ਦਿੱਤੀ ਹੈ। ਹੁਣ ਸੰਖੇਪ ਨਾਲ ਪੂਰਬੋਕਤ "ਕ੍ਰਿਪਾ ਕਰੀ ਹਮ ਪਰ ਜਗ ਮਾਤਾ॥" ਦਾ ਵਾਸਤਵ ਅਰਥ ਇਹ ਹੈ ਕਿ ਜਗਤ ਦੇ ਮਾਤਾ-ਪਿਤਾ ਪ੍ਰਮੇਸ਼ਰ (ਵਾਹਿਗੁਰੂ) ਨੇ ਸਾਡੇ ਤੇ (ਮੇਰੇ ਤੇ) ਕ੍ਰਿਪਾ ਕੀਤੀ। (ਗ੍ਰੰਥ ਕਰਾ ਪੂਰਨ ਸੁਭ ਰਾਤਾ॥) ਰਾਤਾ=ਪ੍ਰੇਮ ਵਿਚ ਆ ਕੇ (ਸੁਭ) ਸੁੰਦਰ ਗ੍ਰੰਥ ਸੰਪੂਰਨ ਕੀਤਾ ਹੈ। (ਕਿਲਬਿਖ ਸਕਲ ਦੇਹ ਕੋ ਹਰਤਾ॥) ਇਹ ਸ੍ਰੀ ਚੌਪਈ ਨਾਮੇ ਸੁਭ ਗ੍ਰੰਥ (ਕਾਵਿ ਵਿਚ ਗੁੰਥਨ ਕੀਤਾ ਹੋਇਆ ਸ਼ੁਭ ਵਾਹਿਗੁਰੂ ਦਾ ਜਸ) ਸੂਖਮ ਅਤੇ ਸਥੂਲ ਸਰੀਰ ਦੇ ਸਾਰੇ ਪਾਪਾਂ ਨੂੰ ਨਾਸ ਕਰਨ ਵਾਲਾ ਹੈ। (ਦੁਸਟ ਦੋਖਿਯਨ ਕੌ ਛੈ ਕਰਤਾ॥) ਜਿਹੜੇ ਗੁਰੂ ਘਰ ਦੇ ਦੁਸ਼ਟ ਦੋਖੀ ਹਨ। ਉਨ੍ਹਾਂ ਨੂੰ ਤੇ ਗੁਰ ਸਿੱਖਾਂ ਦੇ ਵਿਕਾਰਾਂ ਨੂੰ ਨਾਸ ਕਰਨ ਵਾਲਾ ਹੈ। (ਸ੍ਰੀ ਅਸਿਧੁਜ ਜਬ ਭਏ ਦਿਆਲਾ॥) ਜਦੋਂ ਸੋਭਾ ਸਹਿਤ ਸ੍ਰੀ ਸਾਹਿਬ ਦੇ ਨਿਸ਼ਾਨ ਵਾਲੇ ਵਾਹਿਗੁਰੂ ਪ੍ਰਮੇਸ਼ਰ ਜੀ ਕ੍ਰਿਪਾਲੂ ਹੋਏ ਤਦੋਂ (ਪੂਰਨ ਕਰਾ ਗ੍ਰੰਥ ਤਤਕਾਲਾ॥) ਇਹ ਗ੍ਰੰਥ ਬਹੁਤ ਛੇਤੀ ਨਾਲ ਹੀ ਸੰਪੂਰਨ ਕਰ ਦਿੱਤਾ। ਇਸਦਾ ਫਲ ਦਸਦੇ

ਹਨ (ਮਨ ਬਾਂਛਤ ਫਲ ਪਾਵੈ ਸੋਈ॥) ਉਹ ਪੁਰਸ਼ ਮਨ ਬਾਂਛਤ ਫਲ ਪ੍ਰਾਪਤ ਕਰੇਗਾ ਅਤੇ ਉਸ ਨੂੰ ਕੋਈ ਦੁੱਖ ਭੀ ਪ੍ਰਾਪਤ ਨਹੀਂ ਹੋਵੇਗਾ ਜੋ ਇਸ ਚੌਪਈ ਨੂੰ ਮਨ ਚਿੱਤ ਲਾ ਕੇ ਪੜ੍ਹੇਗਾ ਅਤੇ ਜੋ ਸੁਣੇਗਾ ਉਸ ਨੂੰ ਭੀ ਫਲ ਦਸਦੇ ਹਨ। (ਅੜਿਲ॥ ਸੁਨੈ ਗੁੰਗ ਜੋ ਯਾਹਿ ਸੁ ਰਸਨਾ ਪਾਵਈ॥) ਜਿਹੜਾ ਪੁਰਸ਼ ਵਾਹਿਗੁਰੂ ਜੀ ਦੇ ਜਸ ਗਾਉਣ ਵਲੋਂ ਰਸਨਾ ਕਰਕੇ ਗੁੰਗਿਆਂ ਵਾਂਗ ਹੈ ਭਾਵ ਆਪਣੀ ਰਸਨਾ ਨਾਲ ਪ੍ਰੇਮ ਕਰਕੇ ਗੁਣ ਨਹੀਂ ਗਾ ਸਕਦਾ, ਉਸ ਨੂੰ ਵਾਹਿਗੁਰੂ ਦੀ ਪ੍ਰੀਤੀ ਰੂਪੀ ਰਸਨਾ ਦੀ ਬਖਸ਼ਿਸ਼ ਹੋਵੇਗੀ ਅਤੇ ਰਸਨਾ ਕਰਕੇ ਪ੍ਰੀਤੀ ਨਾਲ ਗੁਣ ਗਾਵੇਗਾ। ਸੋ ਅੱਖਰੀਂ ਅਰਥ (ਸੁਨੈ ਗੁੰਗ ਜੋ ਯਾਹਿ) ਜੋ ਇਸ ਚੌਪਈ ਬਾਣੀ ਨੂੰ ਪ੍ਰੀਤੀ ਰੂਪੀ ਰਸਨਾ ਤੋਂ ਰਹਿਤ ਗੁੰਗਾ ਪੁਰਸ਼, ਸ਼ਰਧਾ ਤੇ ਵਿਚਾਰ ਰੂਪੀ ਕੰਨਾਂ ਨਾਲ ਸੁਣੇਗਾ (ਸੁ ਰਸਨਾ ਪਾਵਈ) ਉਹ ਭੀ ਪ੍ਰੀਤੀ ਰੂਪੀ ਰਸਨਾ ਪਾ ਲਵੇਗਾ। (ਸੁਨੈ ਮੂੜ ਚਿਤ ਲਾਇ) ਜਿਸਨੂੰ ਵਾਹਿਗੁਰੂ ਦੇ ਗੁਣ ਗਾਉਣ ਦੀ ਕੋਈ ਸਮਝ ਨਹੀਂ ਹੈ, ਉਹ ਭੀ ਜੇ ਚਿੱਤ ਲਾ ਕੇ ਸੁਣੇਗਾ ਤਾਂ (ਚਤੁਰਤਾ ਆਵਈ) ਉਸ ਵਿਚ ਭੀ ਵਾਹਿਗੁਰੂ ਦੇ ਇਕ ਮਨ ਇਕ ਚਿੱਤ ਹੋ ਕੇ ਭਾਵ ਪੂਰਨ ਇਕਾਗਰ ਹੋ ਕੇ ਗੁਣ ਗਾਉਣ ਦੀ ਪਰਬੀਨਤਾ ਆ ਜਾਵੇਗੀ।

ਯਥਾ:- "ਕਬੀਰ ਚਤੁਰਾਈ ਅਤਿ ਘਨੀ;
ਹਰਿ ਜਪਿ ਹਿਰਦੈ ਮਾਹਿ॥

ਸੂਰੀ ਊਪਰਿ ਖੇਲਨਾ; ਗਿਰੈ ਤ ਠਾਹਰ ਨਾਹਿ॥"
(ਪੰਨਾ ੧੩੭੦, ਸਲੋਕ ਨੰ: ੧੦੯)

ਭਾਵ ਇਕ ਮਨ, ਇਕ ਚਿੱਤ ਇਕਾਗਰ ਹੋ ਕੇ ਵਾਹਿਗੁਰੂ ਦਾ ਸਿਮਰਨ ਕਰਨਾ ਬਹੁਤ ਕਠਿਨ ਹੈ। ਮਨ ਦੇ ਫੁਰਨੇ ਸਿਮਰਨ ਕਰਦਿਆਂ ਬਿਲਕੁਲ ਉੱਠਣ ਨਹੀਂ ਦੇਣੇ। ਇਹ ਸੂਲੀ ਉੱਪਰ ਖੇਲ ਖੇਲਣ ਵਾਂਗ ਹਨ। ਸੂਲੀ ਉੱਪਰ ਖੇਲ ਖੇਲਣ ਵਾਲੇ ਦਾ ਜੇ ਥੋੜਾ ਜਿਹਾ ਧਿਆਨ ਵੀ ਲਾਂਭੇ ਹੋ ਜਾਵੇ ਤਾਂ ਡਿੱਗ ਕੇ ਉਹ ਚਕਨਾ-ਚੂਰ ਹੋ ਜਾਂਦਾ ਹੈ। (ਦੂਖ ਦਰਦ ਭੌ ਨਿਕਟ ਨ ਤਿਨ ਨਰ ਕੇ ਰਹੈ॥) ਦੁਖ ਜਨਮ-ਮਰਨ ਦਾ 'ਦਰਦ' ਅਵਿਦਿਆ ਦਾ ਤੇ (ਭੌ) ਭੈ ਕਾਲ ਦਾ ਉਨ੍ਹਾਂ ਪੁਰਸ਼ਾਂ ਦੇ ਨੇੜੇ ਨਹੀਂ ਰਹਿੰਦਾ ਜਿਹੜੇ 'ਹੋ' ਹੇ ਭਾਈਓ! ਗੁਰਮੁਖੋ! ਗੁਰ ਸਿਖੋ! 'ਯਾ ਕੀ' ਇਸ ਅਕਾਲ ਸਰੂਪ ਦੀ ਚੌਪਈ ਬਾਣੀ ਨੂੰ 'ਏਕ ਬਾਰ' ਮਨੁੱਖਾ ਦੇਹ ਵਿਚ ਕਹੇਗਾ, ਇਕ ਮਨ ਹੋ ਕੇ ਪੜ੍ਹੇਗਾ। ੨੫ਵੀਂ ਪਉੜੀ ਤੋਂ ਬਾਅਦ ਉਪਰਲੀਆਂ ਦੋ ਪਉੜੀਆਂ ਅਤੇ ਅੜਿਲ ਛੰਦ ਵਿਚ ਸ੍ਰੀ ਚੌਪਈ ਬਾਣੀ ਦਾ ਪੂਰਨ ਫਲ ਦਰਸਾਇਆ ਹੈ। ਸੋ ਅਨਜਾਣ ਲੋਕ ਜਾਂ ਦੁਬਿਧਾ ਪਾਉਣ ਵਾਲੇ, ਮਾਇਆ ਅਤੇ ਪਦਵੀ ਦੇ ਲੋਭੀ ਪੁਰਸ਼, ਇਨ੍ਹਾਂ ਨੂੰ ਛੱਡ ਕੇ ਪੰਥ ਅਤੇ ਸੰਗਤਾਂ ਵਿਚ ਦੁਬਿਧਾ ਹੀ ਵਧਾਉਂਦੇ ਹਨ। ਅਗੇ ਗੁਰੂ ਮਹਾਰਾਜ ਜੀ ਇਸ ਗ੍ਰੰਥ ਦੀ ਸਮਾਪਤੀ ਦਾ ਟਿਕਾਣਾ ਤੇ ਸੰਮਤ ਦਸਕੇ ਸਵਈਏ ਅੰਦਰ ਆਪਣਾ ਸੰਪੂਰਨ

ਸਿਧਾਂਤ ਦਸਦੇ ਹੋਏ ਅਖੀਰ ਤੇ ਦੋਹਰੇ ਵਿਚ, ਵਾਹਿਗੁਰੂ ਦੀ ਸ਼ਰਨ ਵਿਚ ਰਹਿਣ ਵਾਸਤੇ ਸਾਨੂੰ ਸਿੱਖਿਆ ਦਿੰਦੇ ਹਨ ਕਿ ਸਾਰੇ ਜਗ ਦੇ ਦਰਾਂ ਨੂੰ ਛੱਡ ਕੇ ਹੇ ਵਾਹਿਗੁਰੂ! ਮੈਂ ਤਾਂ ਤੇਰੇ ਦਰ ਦਾ ਹੀ ਆਸਰਾ ਗ੍ਰਹਿਣ ਕੀਤਾ ਹੈ। ਮੇਰੀ ਬਾਂਹ ਫੜੀ ਹੋਈ ਦੀ ਆਪ ਜੀ ਨੂੰ ਹੀ ਲੱਜਿਆ ਹੈ। (ਮੈਂ ਆਪ ਜੀ ਦੇ "ਆਪਣਾ ਨਾਮ ਲਿਖਕੇ" ਦਰ ਦਾ ਦਾਸ ਹਾਂ ਸੇਵਕ ਹਾਂ।) ਇਉਂ ਸਾਨੂੰ ਸਿਖਿਆ ਦਿੱਤੀ ਹੈ। ਹੁਣ ਦਸੋ ਪੂਰਬੋਕਤ ਛੰਦਾਂ ਨੂੰ ਪੜ੍ਹਨ ਵਿਚ ਗੁਰਮਤਿ ਤੋਂ ਕੀ ਉਲਟ ਸਿਧਾਂਤ ਹੈ? ਵਾਹਿਗੁਰੂ ਨਾ ਪੜ੍ਹਨ ਵਾਲਿਆਂ ਨੂੰ ਸੁਮੱਤ ਬਖਸ਼ੇ। ਸੰਪੂਰਨ ਬਾਣੀ ਪੜ੍ਹ ਕੇ ਉਹ ਭੀ ਪੂਰਾ ਫਲ ਪ੍ਰਾਪਤ ਕਰਨ। ਭੁਲ ਚੁਕ ਦੀ ਖਿਮਾ ਕਰਨੀ।

ਦਾਸਨਿ-ਦਾਸ,
ਮੋਹਣ ਸਿੰਘ।

ਗੁਟਕਾ ਪੰਨਾ

੮੭ ਸ੍ਰੀ ਅਸਿਧੁਜ; ਜਬ ਭਏ ਦਿਆਲਾ॥
(ਪਾਠੰਤਰ ਦਿਯਾਲਾ)

੮੮ ਹੋ! ਜੋ ਯਾ ਕੀ; ਏਕ ਬਾਰ, ਚੌਪਈ ਕੋ ਕਹੈ॥
(ਪਾਠੰਤਰ ਇਕ ਬਾਰ)

੮੮ ਸ੍ਵੈਯਾ॥ (ਸਵੈਈਆ ਬੋਲੋ)
ਪਾਇ ਗਹੇ ਜਬ ਤੇ ਤੁਮਰੇ;
ਤਬ ਤੇ ਕੋਊ, ਆਖ ਤਰੇ ਨਹੀ ਆਨਯੋ॥
ਰਾਮ ਰਹੀਮ ਪੁਰਾਨ ਕੁਰਾਨ;
ਅਨੇਕ ਕਹੈਂ ਮਤ, ਏਕ ਨ ਮਾਨਯੋ॥
ਸਿੰਮ੍ਰਿਤਿ ਸਾਸਤ੍ਰ ਬੇਦ ਸਬੈ;
ਬਹੁ ਭੇਦ ਕਹੈ, ਹਮ ਏਕ ਨ ਜਾਨਯੋ॥
(ਆਂਖ ਬੋਲੋ; ਆਨਿਓ, ਮਾਨਿਓ,
ਜਾਨਿਓ, ਬਖਾਨਿਓ ਬੋਲੋ)

# ਅਨੰਦੁ ਸਾਹਿਬ

ਗੁਟਕਾ ਪੰਨਾ

੯੩ | ਧੁਰਿ ਕਰਮਿ ਪਾਇਆ, ਤੁਧੁ ਜਿਨ ਕਉ;
| ਸਿ ਨਾਮਿ ਹਰਿ ਕੈ ਲਾਗੇ॥
੯੫ | ਪਾਵੈ ਤ ਸੋ ਜਨੁ, ਦੇਹਿ ਜਿਸਨੋ;
| ਹੋਰਿ ਕਿਆ ਕਰਹਿ ਵੇਚਾਰਿਆ॥
੯੬ | ਚਤੁਰਾਈ ਨ ਪਾਇਆ ਕਿਨੈ;
| ਤੂ ਸੁਣਿ ਮੰਨ ਮੇਰਿਆ॥
੧੦੦ | ਕਰਿ ਕਿਰਪਾ ਜਿਨ ਨਾਮਿ ਲਾਇਹਿ;
| ਸਿ ਹਰਿ ਹਰਿ ਸਦਾ ਧਿਆਵਹੇ॥
੧੦੦ | ਇਕਿ ਫਿਰਹਿ ਘਨੇਰੇ, ਕਰਹਿ ਗਲਾ;
੧੦੧ | ਗਲੀ ਕਿਨੈ ਨ ਪਾਇਆ॥ (ਗੱਲਾਂ ਤੇ ਗੱਲੀਂ ਬੋਲੋ)
੧੦੧ | ਪਵਿਤੁ ਮਾਤਾ ਪਿਤਾ, ਕੁਟੰਬ ਸਹਿਤ ਸਿਉ;
| ਪਵਿਤੁ ਸੰਗਤਿ ਸਬਾਈਆ॥
੧੦੨ | ਵੇਦਾ ਮਹਿ ਨਾਮੁ ਉਤਮੁ, ਸੋ ਸੁਣਹਿ ਨਾਹੀ;
| ਫਿਰਹਿ ਜਿਉ ਬੇਤਾਲਿਆ॥
੧੦੩ | ਜੇ ਕੋ ਸਿਖੁ; ਗੁਰੂ ਸੇਤੀ ਸਨਮੁਖੁ ਹੋਵੈ॥

ਗੁਟਕਾ ਪੰਨਾ

੧੦੬ ਚਿਤੁ ਜਿਨ ਕਾ ਹਿਰਿ ਲਇਆ ਮਾਇਆ;
ਬੋਲਨਿ ਪਏ ਰਵਾਣੀ [1]॥
੧੦੮ ਗੁਰ ਕਿਰਪਾ ਤੇ ਸੇ ਜਨ ਜਾਗੇ;
ਜਿਨਾ ਹਰਿ ਮਨਿ ਵਸਿਆ;
ਬੋਲਹਿ ਅੰਮ੍ਰਿਤ ਬਾਣੀ॥
ਕਹੈ ਨਾਨਕੁ, ਸੋ ਤਤੁ ਪਾਏ;
ਜਿਸਨੋ ਅਨਦਿਨੁ ਹਰਿ ਲਿਵ ਲਾਗੈ;
ਜਾਗਤ ਰੈਣਿ ਵਿਹਾਣੀ॥
੧੧੧ ਹਰਿ ਰਸੁ ਪਾਇ ਪਲੈ, ਪੀਐ ਹਰਿ ਰਸੁ;
੧੧੨ ਬਹੁੜਿ ਨ ਤ੍ਰਿਸਨਾ ਲਾਗੈ ਆਇ॥
੧੧੫ ਕਹੈ ਨਾਨਕੁ, ਏਹਿ ਨੇਤ੍ਰ ਅੰਧ ਸੇ;
ਸਤਿਗੁਰਿ ਮਿਲਿਐ, ਦਿਬ [2] ਦ੍ਰਿਸਟਿ ਹੋਈ॥
੧੧੬ ਕਹੈ ਨਾਨਕੁ, ਅੰਮ੍ਰਿਤ ਨਾਮੁ ਸੁਣਹੁ,
ਪਵਿਤ੍ਰ ਹੋਵਹੁ; ਸਾਚੈ ਸੁਣਣੈ ਨੋ ਪਠਾਏ॥
੧੧੬ ਕਹੈ ਨਾਨਕੁ, ਹਰਿ ਪਿਆਰੈ ਜੀਉ,
੧੧੭ ਗੁਫਾ ਅੰਦਰਿ ਰਖਿਕੈ; ਵਾਜਾ ਪਵਣੁ ਵਜਾਇਆ॥

---

੧. ਆਦਤ ਵਾ ਬੇ-ਅਰਥ ਬੋਲਦੇ ਹਨ। ੨. ਵੱਡੀ ਦ੍ਰਿਸ਼ਟੀ ਵਾ ਗਿਆਨ ਦ੍ਰਿਸ਼ਟੀ।

# ਰਹਰਾਸਿ ਸਾਹਿਬ

ਗੁਟਕਾ ਪੰਨਾ

੧੨੦ ਸੋ ਦਰੁ ਤੇਰਾ ਕੇਹਾ, ਸੋ ਘਰੁ ਕੇਹਾ;
ਜਿਤੁ ਬਹਿ ਸਰਬ ਸਮਾਲੇ॥
ਵਾਜੇ ਤੇਰੇ ਨਾਦ ਅਨੇਕ ਅਸੰਖਾ;
ਕੇਤੇ ਤੇਰੇ ਵਾਵਣਹਾਰੇ॥

੧੨੨ ਰੰਗੀ ਰੰਗੀ ਭਾਤੀ, ਕਰਿ ਕਰਿ ਜਿਨਸੀ;
ਮਾਇਆ ਜਿਨਿ ਉਪਾਈ॥

੧੨੪ ਗਿਆਨੀ ਧਿਆਨੀ; ਗੁਰ [੧] ਗੁਰਹਾਈ [੨]॥

੧੨੪ ਤੁਧੁ ਵਿਣੁ; ਸਿਧੀ ਕਿਨੈ ਨ ਪਾਈਆ॥
ਕਰਮਿ ਮਿਲੈ; ਨਾਹੀ ਠਾਕਿ ਰਹਾਈਆ॥

੧੨੬ ਮੇਰੇ ਮੀਤ ਗੁਰਦੇਵ;
ਮੋ ਕਉ ਰਾਮ ਨਾਮੁ ਪਰਗਾਸਿ॥

੧੨੯ ਸਭਿ ਧਿਆਵਹਿ, ਸਭਿ ਧਿਆਵਹਿ ਤੁਧੁ ਜੀ;
ਹਰਿ ਸਚੇ ਸਿਰਜਣਹਾਰਾ॥
(ਇਸ ਸ਼ਬਦ ਦੇ ਸਾਰੇ ਬਿਸਰਾਮ 'ਜੀ' ਤੇ ਹਨ)

---

੧. ਪੂਜ ਭਾਵ ਦੇਵਤੇ। ੨. (ਗੁਰ) ਵਡੇ (ਹਾਈ) ਭਾਈ ਭਾਵ ਦੈਂਤ।

ਗੁਟਕਾ ਪੰਨਾ

੧੩੪ | ਪੰਕ ਜੁ [1] ਮੋਹ, ਪਗੁ ਨਹੀ ਚਾਲੈ;
| ਹਮ ਦੇਖਾ ਤਹ ਡੂਬੀਅਲੇ॥ (ਦੂਜਾ ਪਾਠ=ਪੰਕਜੁ)
੧੩੬ | ਭਈ ਪਰਾਪਤਿ ਮਾਨੁਖ ਦੇਹੁਰੀਆ [2]॥
| (ਦੇ ਹੁਰੀਆ ਨਹੀਂ ਬੋਲਣਾ ਇਕੱਠਾ ਬੋਲੋ)
੧੪੪ | ਦੂਖ ਦਰਦ ਭੌ; ਨਿਕਟ ਨ ਤਿਨ ਨਰ ਕੇ ਰਹੈ॥
੧੪੫ | ਦਾਸ ਜਾਨ ਕਰਿ ਦਾਸ ਪਰਿ;
| ਕੀਜੈ ਕ੍ਰਿਪਾ ਅਪਾਰ॥
੧੪੭ | 'ਬਹੁਰ' ਕਰੋ ਕਬਿਤਾ ਬਿਧਿ ਨਾਨਾ*॥
੧੫੦ | ਸੰਮਤ ਸੱਤ੍ਰਹ 'ਸਹਸ' ਪਚਾਵਨ **॥

---

੧. ਜੋ ਮੋਹ ਰੂਪੀ ਚਿੱਕੜ ਉਤਪੰਨ ਹੋ ਰਿਹਾ ਹੈ, ਮਨ ਰੂਪੀ ਪੈਰ ਨਹੀਂ ਚਲਦਾ, ਸਾਰਿਆਂ ਨੂੰ ਦੇਖਿਆ ਹੈ ਉਸ ਚਿੱਕੜ ਵਿਚ ਹੀ ਡੁੱਬ ਰਹੇ ਹਨ। ੨. ਦੇਹੀ (ਸਰੀਰ)। *ਪੁਰਾਤਨ ਪੋਥੀਆਂ ਵਿਚ 'ਬਹੁਰ' ਪਦ ਦੀ ਥਾਂ 'ਬਹੁਰੋ' ਪਦ ਵੀ ਮਿਲਦਾ ਹੈ, ਪਰ ਆਮ ਪ੍ਰਸਿੱਧ 'ਬਹੁਰ' ਹੋ ਗਿਆ ਹੈ। ** ਪੁਰਾਤਨ ਪੋਥੀਆਂ ਵਿਚ 'ਸਹਸ' ਦੇ 'ਹ' ਤੇ 'ਸ' ਦੇ ਦਰਮਿਆਨ ਅਧਕ ਹੈ ਯਥਾ:- ਸਹੱਸ।

| ਗੁਟਕਾ ਪੰਨਾ | |
|---|---|
| ੧੫੭ | ਤੇਰਾ ਕੀਤਾ, ਜਾਤੋ ਨਾਹੀ;<br>ਮੈਨੋ ਜੋਗੁ ਕੀਤੋਈ॥ (ਕੀਤੋ-ਈ ਬੋਲੋ) |
| ੧੫੭ | ਮੈ ਨਿਰਗੁਣਿਆਰੇ, ਕੋ ਗੁਣੁ ਨਾਹੀ;<br>ਆਪੇ ਤਰਸੁ ਪਇਓਈ॥ (ਪਇਓ-ਈ ਬੋਲੋ) |

# ਕੀਰਤਨ ਸੋਹਿਲਾ

ਗੁਟਕਾ ਪੰਨਾ

੧੬੯ | ਣਾ ਹਉ ਣਾ ਤੂੰ ਣਹ ਛੁਟਹਿ;
| ਨਿਕਟਿ ਨ ਜਾਈਅਹੁ ਦੂਤ॥
੧੭੧ | ਬਾਬਾ; ਜੈ ਘਰਿ, ਕਰਤੇ ਕੀਰਤਿ ਹੋਇ॥
੧੭੧ | ਵਿਸੁਏ [੧] ਚਸਿਆ, [੨] ਘੜੀਆ [੩] ਪਹਰਾ; [੪]
| ਥਿਤੀ [੫] ਵਾਰੀ, [੬] ਮਾਹੁ [੭] ਹੋਆ [੮]॥

---

੧. ਪੰਦਰਾਂ ਵਾਰੀ ਅੱਖ ਦਾ ਖੋਲ੍ਹਣਾ ਤੇ ਮੀਟਣਾ ਵਿਸੁਆ ਹੁੰਦਾ ਹੈ। ੨. ਪੰਦਰਾਂ ਵਿਸਿਆਂ ਦਾ ਇਕ ਚਸਾ, ਤੀਹ ਚਸਿਆਂ ਦਾ ਇੱਕ ਪਲ। ੩. ਸੱਠ ਪਲਾਂ ਦੀ ਘੜੀ। ੪. ਸਾਢੇ ਸੱਤ ਘੜੀਆਂ ਦਾ ਇਕ ਪਹਿਰ। ੫. ਅੱਠਾਂ ਪਹਿਰਾਂ ਦੀ ਇਕ ਥਿਤ। ੬. ਚਾਰ ਪਹਿਰਾਂ ਦਾ ਦਿਨ, ਸੱਤਾਂ ਦਿਨਾਂ ਦਾ ਹਫਤਾ। ੭. ਤੀਹਾਂ ਦਿਨਾਂ ਦਾ ਮਹੀਨਾ, ਦੋ ਮਹੀਨਿਆਂ ਦੀ ਰੁੱਤ, ਛੇ ਰੁੱਤਾਂ ਦਾ ਸਾਲ। ੮. ਹੋਇਆ।

੧੭੨ ਸਹਸ ਤਵ ਨੈਨ, ਨਨ ਨੈਨ ਹਹਿ ਤੋਹਿ ਕਉ;
ਸਹਸ ਮੂਰਤਿ, ਨਨਾ ਏਕ ਤੁੋਹੀ॥
(ਦੂਜਾ ਪਾਠ:- ਨੈਨਨ ਨ ਨੈਨ)

੧੭੫ ਨਾਨਕ ਦਾਸੁ ਇਹੈ ਸੁਖੁ ਮਾਗੈ; (ਮਾਂਗੈ ਬੋਲੋ)
ਮੋ-ਕਉ ਕਰਿ ਸੰਤਨ ਕੀ ਧੂਰੇ॥

# ੴ ਸਤਿਗੁਰ ਪ੍ਰਸਾਦਿ॥

# ਸ੍ਰੀ ਰਹਰਾਸਿ ਬਾਰੇ ਵਿਚਾਰ

ਗੁਰੂ ਖਾਲਸਾ ਸਾਧ ਸੰਗਤ ਜੀਉ, ਸਰਬਤ੍ਰ ਗੁਰੂ ਮਹਾਰਾਜ ਜੀ ਦੀਆਂ ਸੰਗਤਾਂ, 'ਖਾਲਸਾ ਪੰਥ' ਵਿਚ ਰਹਰਾਸਿ ਪੜਨ ਦੇ ਵਖਰੇ-ਵਖਰੇ ਭੇਦ ਹੋ ਗਏ ਹਨ। ਬੇਸ਼ਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਸ੍ਰੀ ਰਹਰਾਸਿ ਜੀ' ਦੇ ਨੌ (੯) ਸ਼ਬਦ ਆਉਂਦੇ ਹਨ। ਉਹ ਇੰਨ -ਬਿੰਨ ਸਭ ਕੋਈ ਉਸ ਤਰ੍ਹਾਂ ਹੀ ਪੜ੍ਹਦੇ ਹਨ। ਪਰ ਜੋ ਦਸਮ ਗੁਰੂ ਜੀ ਦੀ ਉਚਾਰਣ ਕੀਤੀ ਹੋਈ ਬਾਣੀ, 'ਸ੍ਰੀ ਚੌਪਈ ਸਾਹਿਬ' ਅਤੇ ਅੱਗੇ ਦੋਹਰੇ ਆਦਿਕ ਆਉਂਦੇ ਹਨ, ਉਨ੍ਹਾਂ ਨੂੰ ਘੱਟ ਵੱਧ ਕਰਕੇ ਪੜ੍ਹਦੇ ਹਨ। ਜਿਵੇਂ ਨਿਹੰਗ ਸਿੰਘ ਕੁਝ ਹੋਰ ਤਰ੍ਹਾਂ ਪੜ੍ਹਦੇ ਹਨ। ਹੋਰ ਕਈ ਸਥਾਨਾਂ ਵਾਲੇ ਮਹਾਂ-ਪੁਰਸ਼ਾਂ ਦੇ ਪ੍ਰੇਮੀ ਕੁਝ ਹੋਰ ਤਰ੍ਹਾਂ, ਜਿਵੇਂ ਕਲੇਰਾਂ ਵਾਲੇ ਆਦਿਕ। ਸੰਤ ਗਿਆਨੀ ਅਮੀਰ ਸਿੰਘ ਜੀ ਦੇ ਸਤੋ ਵਾਲੀ ਗਲੀ ਦੇ ਡੇਰੇ ਵਲੋਂ ਛਪਾਏ ਹੋਏ ਗੁਟਕਿਆਂ ਵਿਚ ਕੁਝ ਹੋਰ ਤਰ੍ਹਾਂ ਦਾ ਵੇਰਵਾ ਆਉਂਦਾ ਹੈ। ਸ੍ਰੀ ਹਜ਼ੂਰ ਸਾਹਿਬ ਕੁਝ ਹੋਰ ਤਰ੍ਹਾਂ ਪੜ੍ਹਦੇ ਹਨ। ਇਸੇ ਤਰ੍ਹਾਂ ਹੀ ਨਿਰਮਲ ਸੰਪ੍ਰਦਾਇ ਵਾਲਿਆਂ ਦਾ ਰਹਰਾਸਿ ਦਾ ਵਖਰਾ ਨਮੂਨਾ ਹੈ। ਸ਼੍ਰੋਮਣੀ ਕਮੇਟੀ ਦਾ ਅਜੀਬ ਹੀ ਢੰਗ ਹੈ, ਜੋ ਭਸੌੜੀਆਂ ਦੇ

ਨਾਲ ਜਾ ਰਲ-ਮਿਲ ਜਾਂਦਾ ਹੈ। ਹੁਣ ਸੂਝਵਾਨ ਵਿਚਾਰ ਵਾਲੇ ਇਹ ਸੋਚਣ ਲੱਗ ਜਾਂਦੇ ਹਨ ਕਿ ਕਿਹੜੀ 'ਸ੍ਰੀ ਰਹਰਾਸਿ' ਪੜ੍ਹਨੀ ਚਾਹੀਦੀ ਹੈ ਜੋ ਪ੍ਰਮਾਣਨੀਕ ਹੋਵੇ। ਬੇਨਤੀ ਪੂਰਬਕ ਇਸ ਦਾ ਸਮਾਧਾਨ ਇਹ ਹੈ:-

ਜਿੰਨੀ-ਕੁ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਤੋਂ ਚਲੀ ਹੋਈ ਸੰਪ੍ਰਦਾਇ ਦੇ ਮਹਾਂ-ਪੁਰਸ਼ਾਂ ਤੋਂ ਉਨ੍ਹਾਂ ਦੀ ਸੰਗਤ ਕਰਕੇ, ਗੁਰਮਤਿ ਦੇ ਪੁਸਤਕ ਪੜ੍ਹ-ਸੁਣ ਵਿਚਾਰ ਕੇ ਸਮਝ ਆਈ ਹੈ, ਉਸ ਅਨੁਸਾਰ ਪ੍ਰਮਾਣਨੀਕ ਬਚਨ ਇਹ ਹਨ। ਸੰਪੂਰਨ ਤੇ ਪ੍ਰਮਾਣਨੀਕ 'ਸ੍ਰੀ ਰਹਰਾਸਿ ਸਾਹਿਬ' ਪੁਰਾਤਨ ਪੰਜ-ਗ੍ਰੰਥੀਆਂ ਵਿਚ ਜੋ ਦਰਜ ਚਲੀ ਆਉਂਦੀ ਹੈ, ਉਹ 'ਸ੍ਰੀ ਚੌਪਈ ਸਾਹਿਬ' ਅਤੇ ਦੋਹਰਿਆਂ ਸਮੇਤ ਮੁੰਦਾਵਣੀ (ਤਿਸੁ ਸਾਹਿਬ ਕੀ ਟੇਕ ਨਾਨਕ ਮਨੈ ਮਾਹਿ॥ ਜਿਸੁ ਸਿਮਰਤ ਸੁਖੁ ਹੋਇ ਸਗਲੇ ਦੂਖ ਜਾਹਿ॥) ਤਕ ਗੁਰੂ ਮਹਾਰਾਜ ਜੀ ਦੀ ਆਗਿਆ ਅਨੁਸਾਰ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਦੀ ਲਿਖੀ ਚਲੀ ਆ ਰਹੀ ਹੈ।

ਪੁਰਾਤਨ ਪੰਜ-ਗ੍ਰੰਥੀਆਂ ਵਿਚ ਭੀ (ਸੋ ਦਰੁ ਰਾਗੁ ਆਸਾ ਮਹਲਾ ੧) ਤੋਂ ਪਹਿਲਾਂ "ੴ ਸਤਿਗੁਰ ਪ੍ਰਸਾਦਿ॥ ਸਲੋਕੁ ਮ: ੧॥ ਦੁਖੁ ਦਾਰੂ ਸੁਖੁ ਰੋਗੁ ਭਇਆ......॥"

ਇਹ ਸ੍ਰੀ ਆਸਾ ਦੀ ਵਾਰ ਦਾ ਸਲੋਕ ਲਿਖਿਆ ਚਲਿਆ ਆਉਂਦਾ ਹੈ। ਜੋ ਸਿਆਣੇ ਸੱਜਣ ਪਹਿਲਾਂ ਤੋਂ ਨਾਲ ਹੀ ਪੜ੍ਹਦੇ ਹਨ। ਪਰ ਕਈਆਂ ਨੇ ਇਸ ਤੋਂ ਪਹਿਲਾਂ ਕੁਝ ਹੋਰ ਭੀ ਨਾਲ ਜੋੜ ਲਿਆ ਹੈ। ਜਿਵੇਂ:- ਕਈ ਥਾਵਾਂ ਵਿਚ (ਹਰਿ ਜੁਗੁ ਜੁਗੁ ਭਗਤ ਉਪਾਇਆ....॥) ਪਹਿਲਾਂ ਪੜ੍ਹਦੇ ਹਨ। ਹੋਰ ਵੀ ਕਈ ਕੁਝ ਵਾਧੂ ਸ਼ਬਦ ਪੜ੍ਹਦੇ ਹਨ। ਯਥਾ:- ਡੇਰਾ ਸੰਤ ਗਿਆਨੀ ਅਮੀਰ ਸਿੰਘ ਜੀ, ਸ੍ਰੀ ਅੰਮ੍ਰਿਤਸਰ ਸਾਹਿਬ ਵਾਲਿਆਂ ਵਲੋਂ ਛਪਾਏ ਹੋਏ ਗੁਟਕਿਆਂ ਵਿਚ ਭੀ ਕਈ ਸ਼ਬਦ ਵਾਧੂ ਹਨ। ਇਹ ਸਭ ਕੁਝ ਪੁਰਾਤਨ ਪੰਜ-ਗ੍ਰੰਥੀਆਂ ਵਿਚ ਲਿਖੀ ਹੋਈ ਸ੍ਰੀ ਰਹਰਾਸਿ ਸਾਹਿਬ ਤੋਂ ਵਾਧੂ ਪੜ੍ਹਨਾ, ਉਨ੍ਹਾਂ ਦੀ ਆਪਣੀ ਮਰਜ਼ੀ ਅਨੁਸਾਰ ਹੈ। ਬੇਸ਼ਕ ਜਿੰਨੀ ਭੀ ਗੁਰਬਾਣੀ ਪੜ੍ਹੀ-ਸੁਣੀ ਜਾਵੇ ਉਨ੍ਹੀ ਹੀ ਸਫਲ ਤੇ ਸੁਖਦਾਈ ਹੈ। ਪਰ ਜੋ ਗੁਰੂ ਮਹਾਰਾਜ ਜੀ ਨੇ ਭਾਈ ਮਨੀ ਸਿੰਘ ਜੀ ਰਾਹੀਂ ਪੁਰਾਤਨ ਪੰਜ-ਗ੍ਰੰਥੀਆਂ ਵਿਚ ਸ੍ਰੀ ਰਹਰਾਸਿ ਸਾਹਿਬ ਲਿਖਵਾਈ ਹੈ, ਉਹ ਹੀ ਪ੍ਰਮਾਣਨੀਕ ਹੈ ਤੇ ਸ੍ਰੀ ਰਹਰਾਸਿ ਸਮੇਂ ਪੜ੍ਹਨੇ ਯੋਗ ਹੈ। ਵਾਧੂ ਬਾਣੀ ਜੇ ਕਿਸੇ ਨੇ ਪੜ੍ਹਨੀ ਹੈ ਤਾਂ ਉਹ ਹੋਰ ਸਮੇਂ ਪੜ੍ਹ ਸਕਦਾ ਹੈ। ਗੁਰੂ ਜੀ ਦਾ ਹੁਕਮ ਮੰਨਣਾ ਯੋਗ ਹੈ। "ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ॥ ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ

ਫਲੁ ਪਾਇਸੀ॥ ਤਾ ਦਰਗਹ ਪੈਧਾ ਜਾਇਸੀ॥" (ਸ੍ਰੀ ਆਸਾ ਦੀ ਵਾਰ ਪੰਨਾ ੪੭੧॥) ਹੋਰ:- "ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ॥ ਨਾਨਕ ਗੁਰਮੁਖਿ ਐਸਾ ਜਾਣੈ ਪੂਰੇ ਮਾਂਹਿ ਸਮਾਂਹੀ॥" (ਸਲੋਕ ਵਾਰਾਂ ਤੇ ਵਧੀਕ॥ ਮਹਲਾ ੧॥ ਪੰਨਾ ੧੪੧੨) ਜੋ ਪੂਰਬੋਕਤ ਵਿਚਾਰ ਲਿਖੀ ਗਈ ਹੈ ਉਸਦਾ ਸ੍ਰੀ ਰਹਰਾਸਿ ਸਾਹਿਬ ਜੀ ਦੇ ਅਰੰਭ ਵਿਚ " ੴ ਸਤਿਗੁਰ ਪ੍ਰਸਾਦਿ॥ ਸਲੋਕੁ ਮ: ੧॥ ਦੁਖੁ ਦਾਰੂ ਸੁਖੁ ਰੋਗੁ ਭਇਆ......॥" ਤੋਂ ਲੈ ਕੇ "ਆਸਾ ਮਹਲਾ ੫" ਦੇ ਸ਼ਬਦ ਦੇ ਅਖੀਰ "ਸਰਣਿ ਪਰੇ ਕੀ ਰਾਖਹੁ ਸਰਮਾ॥" ਤਕ ਸਪਸ਼ਟ ਨਿਰਨਾ ਹੋ ਗਿਆ ਹੈ ਕਿ ਇੰਨ੍ਹ-ਬਿੰਨ੍ਹ ਇਸੇ ਤਰ੍ਹਾਂ ਹੀ ਪੜ੍ਹਨੀ ਚਾਹੀਦੀ ਹੈ, ਜਿਵੇਂ ਪੁਰਾਤਨ ਪੰਜ-ਗ੍ਰੰਥੀਆਂ ਵਿਚ ਲਿਖੀ ਹੋਈ ਹੈ ਤੇ ਵੱਧ-ਘੱਟ ਨਹੀਂ ਪੜ੍ਹਨੀ ਚਾਹੀਦੀ।

ਹੁਣ ਲਉ ਅਗੇ ਆਉਣ ਵਾਲੀ ਸ੍ਰੀ ਰਹਰਾਸਿ ਵਿਚ ਪੜ੍ਹੀ ਜਾਣ ਵਾਲੀ 'ਸ੍ਰੀ ਚੌਪਈ ਜੀ' ਦੀ ਵਿਚਾਰ:- ਜੋ ਪੁਰਾਤਨ ਪੰਜ-ਗ੍ਰੰਥੀਆਂ ਵਿਚ ਗੁਰੂ ਕਲਗੀਧਰ ਜੀ ਦੀ ਆਗਿਆ ਅਨੁਸਾਰ ਭਾਈ ਸਾਹਿਬ, ਭਾਈ ਮਨੀ ਸਿੰਘ ਜੀ ਨੇ ਲਿਖੀ ਹੈ, ਉਹ "ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

ਪਾਤਸਾਹੀ ੧੦॥" ਮੰਗਲ ਲਿਖਕੇ ਚੌਪਈ॥ (ਪੁਨਿ ਰਾਛਸ ਕਾ ਕਾਟਾ ਸੀਸਾ॥ ਸ੍ਰੀ ਅਸਿਕੇਤ ਜਗਤ ਕੇ ਈਸਾ॥ ਪੁਹਪਨ ਬ੍ਰਿਸਟਿ ਗਗਨ ਤੇਂ ਭਈ॥ ਸਭਹਿੱਨ ਆਨਿ ਬਧਾਈ ਦਈ॥੧॥ ਧੰਨਜ ਧੰਨਜ ਲੋਗਨ ਕੇ ਰਾਜਾ॥ ਦੁਸਟਨ ਦਾਹ ਗਰੀਬ ਨਿਵਾਜਾ॥ ਅਖਲ ਭਵਨ ਕੇ ਸਿਰਜਨਹਾਰੇ॥ ਦਾਸ ਜਾਨਿ ਮੁਹਿ ਲੇਹੁ ਉਬਾਰੇ॥੨॥) ਇਨ੍ਹਾਂ ਦੋ ਚੌਪਈ ਛੰਦਾਂ ਤੋਂ ਅਗੇ ॥ਕਬਜੋ ਬਾਚ ਬੇਨਤੀ॥ ਚੌਪਈ॥ "ਹਮਰੀ ਕਰੋ ਹਾਥ ਦੈ ਰੱਛਾ॥" ਤੋਂ ਸ਼ੁਰੂ ਹੋ ਕੇ ਚੌਪਈ॥ "ਸੰਬਤ ਸੱਤ੍ਹ ਸਹਸ ਭਣਿੱਜੈ॥ ਅਰਧ ਸਹਸ ਫੁਨਿ ਤੀਨਿ ਕਹਿੱਜੈ॥ ਭਾਦ੍ਰਵ ਸੁਦੀ ਅਸਟਮੀ ਰਵਿ ਵਾਰਾ॥ ਤੀਰ ਸਤਦ੍ਰਵ ਗ੍ਰੰਥ ਸੁਧਾਰਾ॥੩੧॥" ਦੇ ਇਕੱਤੀਵੇਂ ਛੰਦ ਤੱਕ ਲਿਖੀ ਹੈ। ਅੱਗੇ "ਇਤਿ ਸ੍ਰੀ ਚਰਿਤ੍ਰ ਪਖ੍ਯਾਨੇ, ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ, ਚਾਰਿ ਸੌ ਪਾਂਚ ਚਰਿੱਤ੍ਰ ਸਮਾਪਤ ,ਮਸਤੁ ਸੁਭ ਮਸਤੁ ॥੧॥ ਅਫਜੂੰ॥" ਲਿਖਿਆ ਹੋਇਆ ਹੈ ਜੋ ਸੰਪੂਰਨ ਚੌਪਈ ਸਾਹਿਬ ਹੈ, ਇਥੋਂ ਤਕ ਹੀ ਪੜ੍ਹਨੀ ਯੋਗ ਹੈ। ਜੋ "ਖੜਗਕੇਤ ਮੈਂ ਸਰਨਿ ਤਿਹਾਰੀ॥ ਆਪੁ ਹਾਥ ਦੈ ਲੇਹੁ ਉਬਾਰੀ॥ ਸਰਬ ਠੌਰ ਮੋ ਹੋਹੁ ਸਹਾਈ॥ ਦੁਸਟ ਦੋਖ ਤੇ ਲੇਹੁ ਬਚਾਈ ॥੨੭॥" ਤਕ ਪੜ੍ਹਕੇ ਹੀ ਅਗਲੇ ਛੰਦ "ਤੀਰ ਸਤਦ੍ਰਵ ਗ੍ਰੰਥ ਸੁਧਾਰਾ॥੩੧॥" ਤਕ ਛੱਡ ਦਿੰਦੇ ਹਨ, ਇਹ ਉਹਨਾਂ ਦੀ ਆਪਣੀ ਮਨਮਤ ਹੈ।

ਗੁਰੂ ਮਹਾਰਾਜ ਜੀ ਦੀ ਪੂਰਬੋਕਤ ਸਿਧਾਂਤਕ ਵਿਚਾਰ ਤੋਂ ਸੂਨਯ ਹਨ, ਜਿਵੇਂ ਕਿ ਅੰਮ੍ਰਿਤ ਸੰਚਾਰ ਵਿਚ ਪੜ੍ਹਨ ਵਾਲੀ ਚੌਪਈ ਸਾਹਿਬ ਦੇ ਅੰਤ ਵਿਚ ਵਿਚਾਰ ਦਸ ਆਏ ਹਾਂ।

ਹੁਣ ਅਗਲੇ ਪੁਰਾਤਨ ਪੰਜ-ਗ੍ਰੰਥੀਆਂ ਵਿਚ ਲਿਖੇ ਹੋਏ ਦੋਹਰੇ ਤੇ ਚੌਪਈਆਂ ਦੀ ਵਿਚਾਰ ਬਾਰੇ ਤੱਥ ਸੁਣੋ:-ਪੰਜਵੇਂ ਪਾਤਿਸ਼ਾਹ ਗੁਰੂ ਅਰਜਨ ਸਾਹਿਬ ਜੀ ਦੇ ਸਮੇਂ ਤੋਂ ਲੈ ਕੇ, ਦਸਵੇਂ ਪਾਤਿਸ਼ਾਹ ਜੀ ਦੀ ਉਚਾਰਨ ਕੀਤੀ ਹੋਈ ਬਾਣੀ ਤੋਂ ਪਹਿਲਾਂ, ੯(ਨੌਂ) ਸ਼ਬਦ ਹੀ ਸੰਗਤਾਂ ਵਿਚ ਪੜ੍ਹੇ ਚਲੇ ਆਉਂਦੇ ਰਹੇ ਸਨ।

ਫਿਰ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਦਸਮ-ਗ੍ਰੰਥ ਦੀ ਰਚਨਾ ਕੀਤੀ ਤਾਂ ਉਨ੍ਹਾਂ ਦੀ ਆਗਿਆ ਅਨੁਸਾਰ ੯(ਨੌਂ) ਸ਼ਬਦਾਂ ਤੋਂ ਅੱਗੇ ਜੋ ਪੁਰਾਤਨ ਪੰਜ-ਗ੍ਰੰਥੀਆਂ ਵਿਚ ਸ੍ਰੀ ਰਹਰਾਸਿ ਲਿਖੀ ਹੋਈ ਮਿਲਦੀ ਹੈ, ਪੜ੍ਹਨੀ ਸ਼ੁਰੂ ਹੋਈ। ਨੌਂ ਸ਼ਬਦਾਂ ਤੋਂ ਪਹਿਲਾਂ ਸਲੋਕੁ ਮ:੧ "ਦੁਖੁ ਦਾਰੂ.....॥" ਵਾਲਾ ਸਲੋਕੁ ਅਤੇ ਸ੍ਵੈਯਾ "ਪਾਇ ਗਹੇ ਜਬ ਤੇ ਤੁਮਰੇ.....॥" ਤੇ ਦੋਹਰੇ ਤੋਂ ਅੱਗੇ 'ਸ੍ਰੀ ਅਨੰਦੁ ਸਾਹਿਬ ਜੀ' ਦੀਆਂ ਪਹਿਲੀਆਂ ਪੰਜ ਪਉੜੀਆਂ ਅਤੇ ਅਖੀਰਲੀ ਪਉੜੀ "ਅਨਦੁ ਸੁਣਹੁ ਵਡਭਾਗੀਹੋ....॥" ਤੇ ਉਸ ਤੋਂ ਅੱਗੇ ਮੁੰਦਾਵਣੀ ਮਹਲਾ ੫॥ "ਥਾਲ ਵਿਚਿ ਤਿੰਨਿ ਵਸਤੂ ਪਈਓ....॥" ਤੇ ਸਲੋਕ

ਮਹਲਾ ੫॥ "ਤੇਰਾ ਕੀਤਾ ਜਾਤੋ ਨਾਹੀ....॥" ਅਗੇ ਪਉੜੀ॥ "ਤਿਥੈ ਤੂ ਸਮਰਥੁ....॥" ਅਗੇ ਸਲੋਕੁ ਮ: ੫॥ "ਅੰਤਰਿ ਗੁਰੁ ਆਰਾਧਣਾ....॥" ਫਿਰ ਅਖੀਰ ਤੇ ਮ:੫॥ "ਰਖੇ ਰਖਣਹਾਰਿ ਆਪਿ ਉਬਾਰਿਅਨੁ....॥" ਤਕ ਪੜ੍ਹਨ ਦੀ ਆਗਿਆ ਹੋਈ, ਜੋ ਹਮੇਸ਼ਾਂ ਵਾਸਤੇ ਸੰਗਤਾਂ ਪੜ੍ਹਦੀਆਂ ਚਲੀਆਂ ਆ ਰਹੀਆਂ ਹਨ।

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਦਸਮ-ਗ੍ਰੰਥ ਰੂਪ ਸੰਪੂਰਨ ਰਚਨਾ ਦਾ ਸੰਖੇਪ ਸਿਧਾਂਤ, ਸਾਨੂੰ ਰਹਰਾਸਿ ਵਿਚੋਂ ਪ੍ਰਾਪਤ ਹੋ ਜਾਂਦਾ ਹੈ। ਜਿਵੇਂ ਕਿ "ਚਰਿਤ੍ਰੋਕ ਗ੍ਰੰਥ" ਦਾ ਅਨੁਵਾਦ ਕਰਕੇ ਗੁਰੂ ਮਹਾਰਾਜ ਜੀ ਨੇ ਗੁਰਸਿੱਖਾਂ ਦੇ ਤਾਂਈ, ਚੇਤਨ ਮਾਇਆ ਦੇ ਛਲਾਂ-ਛਿੱਦ੍ਰਾਂ ਤੋਂ ਬਚਣ ਵਾਸਤੇ ਬਹੁਤ ਕੁਝ ਲਿਖਿਆ ਹੈ ਕਿ ਇਨ੍ਹਾਂ ਤੋਂ ਬਚੋ, ਪਰ ਇਨ੍ਹਾਂ ਤੋਂ ਭਾਵ (ਵਿਕਾਰਾਂ ਦੇ ਸੰਕਲਪਾਂ ਤੇ ਉਨ੍ਹਾਂ ਦੀ ਪ੍ਰਵਿਰਤੀ) ਤੋਂ ਆਪਣੇ ਆਪ ਬਚਣਾ ਬਹੁਤ ਕਠਿਨ ਹੈ। ਸੋ ਬਾਹਰਲੇ ਖੋਟੇ ਦੁਸ਼ਟ-ਪੁਰਸ਼ਾਂ ਅਤੇ ਵਿਕਾਰਾਂ ਤੋਂ ਰੱਖਿਆ ਵਾਸਤੇ ਵਾਹਿਗੁਰੂ ਜੀ ਦੀ ਓਟ ਅਤੇ ਵਾਹਿਗੁਰੂ ਜੀ ਦੇ ਚਰਨਾਂ ਵਿਚ ਬੇਨਤੀ ਕਰਨੀ ਦਸੀ ਹੈ, ਜੋ "ਸ੍ਰੀ ਚੌਪਈ ਸਾਹਿਬ" ਵਿਚ ਵਰਨਣ ਹੈ। ਜੋ ੪੦੫ਵੇਂ ਚਰਿੱਤ੍ਰ ਦੇ ਅਖੀਰ ਤੇ ਲਿਖੀ ਹੈ। ਉੱਝ ਗੁਰੂ ਮਹਾਰਾਜ ਚਰਿੱਤ੍ਰਾਂ ਦੇ ਅਨੁਵਾਦ ਦੇ ਨਾਲ-ਨਾਲ ਕਿਤੇ-ਕਿਤੇ ਆਪਣੇ

ਵਲੋਂ ਆਪਣਾ ਗੁਰਮਤਿ ਸਿਧਾਂਤ ਭੀ ਦਰਸਾਉਂਦੇ ਰਹੇ ਹਨ। ਜੋ ਆਪ ਹੀ ਸਿਆਣੇ ਗੁਰਸਿੱਖ ਸਮਝ ਜਾਂਦੇ ਹਨ। ਜਿਵੇਂ:- ਇੱਕੀਵੇਂ ਚਰਿੱਤ੍ਰ ਵਿਚ ਜੋ ਆਪਣਾ ਹੀ ਸਤਿਗੁਰੂ ਸਾਹਿਬ ਜੀ ਦਾ ਪੁਰਖ ਚਰਿੱਤ੍ਰ ਉਚਾਰਨ ਕੀਤਾ ਹੋਇਆ ਹੈ, ਉਸ ਦੇ ੫੧ (ਇਕਵੰਜਵੇਂ) ਛੰਦ ਵਿਚ ਦਸਿਆ ਹੈ। ਯਥਾ:- "ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ॥ ਪੂਤ ਇਹੈ ਪ੍ਰਨ ਤੋਹਿ ਪ੍ਰਾਨ ਜਬ ਲਗ ਘਟ ਥਾਰੇ॥ ਨਿਜ ਨਾਰੀ ਕੇ ਸਾਥ ਨੇਹ ਤੁਮ ਨਿੱਤ ਬਢੈਯਹੁ॥ ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ॥੫੧॥" ਤੋਂ ਲੈ ਕੇ ੫੪ਵੇਂ ਛੰਦ ਤਕ ਲਿਖ ਕੇ ਅਗੇ ੨੨ਵੇਂ ਅਤੇ ੨੩ਵੇਂ ਚਰਿੱਤ੍ਰ ਤਕ ਸਮਾਪਤ ਕੀਤਾ ਹੈ। ਇਹ ਤਾਂ ਗੁਰਸਿੱਖਾਂ ਵਾਸਤੇ ਸਾਰ ਸਿਧਾਂਤ ਗ੍ਰਹਿਣ ਕਰਨ ਲਈ ਚਰਿੱਤ੍ਰਾਂ ਦੀ ਰਚਨਾ ਕਰਕੇ ਸਿੱਖਿਆ ਦਿਤੀ ਹੈ। ਕਲਜੁਗ ਦੇ ਅੰਦਰ ਜੋ ਕੁਝ ਵੀ ਸੰਸਾਰ ਵਿਚ ਛਲ-ਛਿੱਦ੍ਰ ਤੇ ਪਰਸਪਰ ਕਪਟ ਆਦਿਕ (ਸਾਰੇ ਔਗੁਣ) ਕਰਨ ਦਾ ਦੌਰ-ਦੌਰਾ ਚਲ ਰਿਹਾ ਹੈ। ਝੂਠੀਆਂ ਹੇਰਾ-ਫੇਰੀਆਂ, ਠਗੀਆਂ (ਸਿਆਸਤਾਂ) ਨੂੰ ਚੰਗੀ ਤਰ੍ਹਾਂ ਵਿਸਥਾਰ ਨਾਲ ਵਿਖਾਕੇ, ਉਨ੍ਹਾਂ ਤੋਂ ਬਚਣ ਵਾਸਤੇ, ਗੁਰਸਿੱਖ ਨੇ ਆਪਣੇ ਸਤਿ ਧਰਮ ਵਿਚ ਸਾਵਧਾਨ ਰਹਿਣਾ, ਇਹ ਸਿੱਖਿਆ ਦਿਤੀ ਹੈ। ਐਸੇ ਦੁਸ਼ਟ-ਪੁਰਸ਼ਾਂ ਤੇ ਔਗੁਣਾਂ ਤੋਂ ਬਚਣ ਵਾਸਤੇ, ਵਾਹਿਗੁਰੂ ਜੀ ਦੀ ਓਟ ਤੇ ਸ਼ਰਨ

ਲੈਣ ਲਈ "ਸ੍ਰੀ ਚੌਪਈ ਸਾਹਿਬ" ਦਾ ਪਾਠ ਅੰਮ੍ਰਿਤ ਵੇਲੇ ਅਤੇ ਸ਼ਾਮ ਨੂੰ 'ਸ੍ਰੀ ਰਹਰਾਸਿ ਸਾਹਿਬ' ਵਿਚ ਪੜ੍ਹਨ ਵਾਸਤੇ ਭੀ ਆਗਿਆ ਦਿਤੀ ਹੈ। ਗੁਰਮੁਖ ਗੁਰਸਿੱਖ ਰਖਿਆ ਵਾਸਤੇ ਜਦੋਂ ਕੋਈ ਔਕੜ ਆ ਬਣਦੀ ਹੈ, ਜਾਂ ਕੋਈ ਵਿਵਹਾਰ ਅਤੇ ਪ੍ਰਮਾਰਥ ਵਿਚ ਵਿਘਨ ਪੈਂਦੇ ਹਨ, ਜਾਂ ਕੋਈ ਗੁਰਸਿੱਖਾਂ ਨਾਲ ਵੈਰ ਭਾਵ ਕਰਦੇ ਹਨ ਤਾਂ ਸ੍ਰੀ ਅੰਮ੍ਰਿਤ ਵੇਲੇ ਦੀ ਨਿਤਨੇਮ ਦੀ ਚੌਪਈ ਦੇ ਕਈ-ਕਈ ਪਾਠ ਵਿਧੀ ਪੂਰਬਕ ਕਰਦੇ ਹਨ। ਸਭ ਕਾਰਜ ਰਾਸ ਹੁੰਦੇ ਹਨ। ਇਹੀ ਸਿੱਖਿਆ ਪੰਜ-ਪਿਆਰੇ, ਅੰਮ੍ਰਿਤ ਛਕਾਉਣ ਸਮੇਂ, ਅੰਮ੍ਰਿਤ ਛਕਣ ਵਾਲਿਆਂ ਗੁਰਸਿੱਖਾਂ ਨੂੰ ਦਿੰਦੇ ਹਨ ਕਿ ਚੌਪਈ ਦੀ ਬਾਣੀ ਰੱਖਿਆ ਤੇ ਵਿਘਨਾਂ ਨੂੰ ਨਾਸ ਕਰਨ ਵਾਸਤੇ ਹੈ। ਇਸ ਤਰ੍ਹਾਂ ਹੀ ਹੋਰ ਬਾਣੀਆਂ ਦਾ ਭੀ ਵਿਸ਼ੇਸ਼ ਭਾਵ ਦਸ ਦਿੰਦੇ ਹਨ। "ਸ੍ਰੀ ਚੌਪਈ" ਜੋ (ਸ੍ਰੀ ਰਹਰਾਸਿ ਵਿਚ ਪੜ੍ਹੀ ਜਾਂਦੀ ਹੈ) ਵਿਖੇ "ਇਤਿ ਸ੍ਰੀ ਚਰਿਤ੍ਰ ਪਖਜਾਨੇ, ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ, ਚਾਰਿ ਸੌ ਪਾਂਚ ਚਰਿੱਤ੍ਰ ਸਮਾਪਤ, ਮਸਤੁ ਸੁਭ ਮਸਤੁ॥੧॥ ਅਫਜੂੰ॥" ਤੋਂ ਬਾਦ ਦੋਹਰਾ, "ਦਾਸ ਜਾਨ ਕਰਿ ਦਾਸ ਪਰਿ, ਕੀਜੈ ਕ੍ਰਿਪਾ ਅਪਾਰ॥ ਆਪ ਹਾਥ ਦੈ ਰਾਖ ਮੁਹਿ, ਮਨ ਕ੍ਰਮ ਬਚਨ ਬਿਚਾਰ॥੧॥" ਤੋਂ ਲੈ ਕੇ ਚੌਪਈ ਦੀਆਂ ੭ (ਸੱਤ) ਪਉੜੀਆਂ ਲਿਖੀਆਂ ਹੋਈਆਂ ਹਨ, ਜੋ ਕ੍ਰਿਸ਼ਨਾ ਅਵਤਾਰ ਵਿਚ ੪੩੩

ਤੋਂ ਲੈ ਕੇ ੪੪੦ ਤਕ ਆਉਂਦੀਆਂ ਹਨ। ਉਪਰਲੇ ਦੋਹਰੇ ਸਮੇਤ ਅੱਠ ਛੰਦ ਹਨ। ਇਹ ਗੁਰੂ ਮਹਾਰਾਜ ਜੀ ਨੇ ਗੁਰਸਿੱਖਾਂ ਨੂੰ, ਵਿਸ਼ਨੂੰ ਦੇ ਧਾਰੇ ਹੋਏ ਵਿਸ਼ੇਸ਼ ਕ੍ਰਿਸ਼ਨਾ ਅਵਤਾਰ ਦੇ ਕੌਤਕ, ਉਨ੍ਹਾਂ ਦੇ ਹੀ ਲਿਖੇ ਹੋਏ ਭਗਵਤ ਗ੍ਰੰਥ ਵਿਚ ਜੋ ਉਨ੍ਹਾਂ ਨੇ ਇੰਨ੍ਹ-ਬਿੰਨ੍ਹ ਦਸੇ ਹਨ, ਅਨੁਵਾਦ ਕਰਕੇ, ਦਰਸਾ ਕੇ, ਆਪਣਾ ਗੁਰਮਤਿ ਦਾ ਸਿਧਾਂਤ ਜਣਾਇਆ ਹੈ। ਵਿਸ਼ਨੂੰ ਦੇ ੨੪ (ਚੌਵੀ) ਅਵਤਾਰ, ਇਵੇਂ ਹੀ ਸ਼ਿਵ ਜੀ ਅਤੇ ਬ੍ਰਹਮਾਂ ਦੇ ਅਵਤਾਰਾਂ ਦਾ ਵਰਨਣ ਗੁਰਸਿੱਖਾਂ ਦੀ ਜਾਣਕਾਰੀ ਵਾਸਤੇ (ਕਿ ਉਨ੍ਹਾਂ ਨੇ ਕੀ ਕੀ ਕਰਤੱਬ ਕੀਤੇ ਹਨ ਤੇ ਗੁਰਮਤਿ ਸਿਧਾਂਤ ਕੀ ਹਨ) ਲਿਖ ਦਿੱਤਾ ਹੈ। ਗੁਰੂ ਸਾਹਿਬ ਜੀ ਦੀ ਅਨੁਵਾਦ ਰੂਪ ਰਚਨਾ ਹੀ ਐਸੀ ਸੁੰਦਰ ਕਾਵਿ ਵਿਚ ਲਿਖੀ ਹੋਈ ਹੈ ਕਿ ਉਹ ਪੜ੍ਹਨ ਵਾਲਿਆਂ ਨੂੰ ਵਿਸਮਾਦ ਕਰ ਦਿੰਦੀ ਹੈ ਤੇ ਕਈ ਵਾਰੀ ਉਨ੍ਹਾਂ ਦੀ ਬੁੱਧੀ ਚੱਕਰਾ ਕੇ, ਭੁਲੇਖੇ ਵਿਚ ਪੈ ਕੇ, ਉਨ੍ਹਾਂ ਨੂੰ ਹੀ ਭਾਵ (ਵਿਸ਼ਨੂੰ ਆਦਿਕਾਂ ਨੂੰ) ਸਭ ਕੁਝ ਬ੍ਰਹਮ ਰੂਪ ਸਮਝਕੇ, ਗੁਰਮਤਿ ਦੇ ਸਿਧਾਂਤਾਂ ਤੋਂ ਉਲਟ ਹੋ ਕੇ, ਭਰਮ ਵਿਚ ਪੈ ਜਾਂਦੀ ਹੈ ਕਿ ਗੁਰੂ ਮਹਾਰਾਜ ਜੀ ਨੇ ਉਨ੍ਹਾਂ ਨੂੰ ਹੀ ਪਾਰਬ੍ਰਹਮ ਦਰਸਾ ਦਿਤਾ ਹੈ। ਪਰ ਅਸਲ ਵਿਚ ਉਹ ਰਚਨਾ ਉਨ੍ਹਾਂ ਦੇ ਉਪਾਸ਼ਕਾਂ ਜਾਂ ਉਨ੍ਹਾਂ ਦੇ ਅਵਤਾਰਾਂ ਵਲੋਂ, ਖੁਦ ਆਪਣੇ ਆਪ ਨੂੰ ਹੀ ਬ੍ਰਹਮ ਰੂਪ ਅਖਵਾਉਣ ਦਾ

ਅਨੁਵਾਦ ਹੁੰਦਾ ਹੈ। ਜਿਵੇਂ ਕਿ ਕ੍ਰਿਸ਼ਨਾਂ ਅਵਤਾਰ ਵਿਚ ਉਪਰਲੇ ਦੋਹਰੇ, "ਦਾਸ ਜਾਨ ਕਰਿ ਦਾਸ ਪਰਿ ...॥" ਤੋਂ ਪਹਿਲਾਂ ਇਸ ਅਧਿਆਇ ਵਿਚ "ਅਥ ਦੇਵੀ ਜੂ ਕੀ ਉਸਤਤ ਕਥਨੰ" ਦਾ ਜ਼ਿਕਰ ਆਉਂਦਾ ਹੈ। ਜੋ ਕ੍ਰਿਸ਼ਨ ਜੀ ਵਲੋਂ ਤੇ ਉਨ੍ਹਾਂ ਦੇ ਉਪਾਸ਼ਕਾਂ ਵਲੋਂ ਦੇਵੀ ਦੀ ਉਸਤਤ ਕੀਤੀ ਗਈ ਹੈ। ਪਰ ਕਿਸੇ ਨੂੰ ਇਹ ਭੁਲੇਖਾ ਨਾ ਪੈ ਜਾਵੇ ਕਿ ਸ਼ਾਇਦ ਗੁਰੂ ਮਹਾਰਾਜ ਜੀ ਨੇ ਹੀ ਆਪਣੇ ਸਿਧਾਂਤਕ ਤੌਰ ਤੇ ਇਹ ਉਸਤਤ ਕੀਤੀ ਹੈ, ਇਹ ਤਾਂ ਪੂਰਬੋਕਤ, ਗੁਰੂ ਮਹਾਰਾਜ ਜੀ ਨੇ ਉਨ੍ਹਾਂ ਦਾ ਅਨੁਵਾਦ ਕੀਤਾ ਹੈ। ਆਪਣਾ ਸਿਧਾਂਤ ਦੋਹਰਾ॥ "ਦਾਸ ਜਾਨ ਕਰਿ ਦਾਸ ਪਰਿ, ਕੀਜੈ ਕ੍ਰਿਪਾ ਅਪਾਰ॥" ਤੋਂ ਦਰਸਾਉਂਦੇ ਹਨ। ਜਿਸ ਦਾ ਅਰਥ ਹੈ, ਹੇ ਵਾਹਿਗੁਰੂ ! ਮੈਨੂੰ ਆਪਣਾ ਦਾਸ ਜਾਣਕੇ (ਮੈਂ) ਦਾਸ ਪਰ ਬਹੁਤੀ ਕ੍ਰਿਪਾ ਕਰੋ ਆਦਿ। ਅਗੇ ਚੌਪਈ॥ (ਮੈ ਨ ਗਨੇਸਹਿ ਪ੍ਰਿਥਮ ਮਨਾਊਂ ...॥) ਵਿਚ ਹੋਰ ਸਪਸ਼ਟ ਠੋਕ ਵਜਾ ਕੇ ਲਿਖਦੇ ਹਨ ਕਿ ਅਸੀਂ ਨਾਂ ਤਾਂ ਪਹਿਲਾਂ ਗਣੇਸ਼ ਨੂੰ ਮਨਾਵਾਂਗੇ ਜਿਵੇਂ ਹਿੰਦੂ ਕਵੀ ਪਹਿਲਾਂ ਗਣੇਸ਼ ਦਾ ਮੰਗਲ ਕਰਦੇ ਹਨ, ਜਾਂ ਕ੍ਰਿਸ਼ਨ ਨੂੰ, ਜਾਂ ਵਿਸ਼ਨੂੰ ਨੂੰ ਧਿਆਉਂਦੇ ਹਨ।*

---

* ਹਿੰਦੂ ਧਰਮ ਅੰਦਰ ਪੁਰਾਣਿਕ ਮੱਤ ਵਾਲਿਆਂ ਨੇ ਪੰਜ ਈਸ਼ਵਰ ਮੰਨੇ ਹਨ। (੧) ਗਣੇਸ਼। (੨) ਦੇਵੀ। (੩) ਵਿਸ਼ਨੂੰ। (੪) ਸ਼ਿਵ ਜੀ। (੫) ਸੂਰਜ। ਉਨ੍ਹਾਂ ਦੇ ਸ਼ਰਧਾਲੂ ਆਪਣੇ ਗ੍ਰੰਥਾਂ ਵਿਚ ਉਨ੍ਹਾਂ-ਉਨ੍ਹਾਂ ਦਾ ਪਹਿਲਾਂ ਮੰਗਲ ਕਰਦੇ ਹਨ ਤੇ ਉਨ੍ਹਾਂ ਨੂੰ ਹੀ ਕਾਰਨ ਬ੍ਰਹਮ ਰੂਪ ਕਹਿ ਕੇ ਦਸਦੇ ਹਨ।

ਮਹਾਰਾਜ ਕਹਿੰਦੇ ਹਨ ਕਿ (ਇਹਨ੍ਹਾਂ ਦੇ ਪੁਸਤਕਾਂ ਤੋਂ) ਕੰਨੀ ਤਾਂ ਇਹ ਸੁਣੇ ਹਨ ਪਰ ਸਾਡੀ ਕੋਈ ਇਨ੍ਹਾਂ ਦੀ ਉਪਾਸ਼ਨਾਂ ਕਰਨ ਰੂਪ, ਇਨ੍ਹਾਂ ਨਾਲ ਜਾਣ ਪਛਾਣ ਨਹੀਂ ਹੈ। ਸਾਡੀ ਤਾਂ ਲਿਵ (ਇਨ ਸੋ) ਇਨ੍ਹਾਂ (ਵਾਹਿਗੁਰੂ) ਦੇ ਚਰਨਾਂ ਨਾਲ ਲੱਗੀ ਹੋਈ ਹੈ। "ਇਨ੍ਹਾਂ" ਪਦਾਂ ਦਾ ਭਾਵ ਕ੍ਰਿਸ਼ਨ, ਵਿਸ਼ਨ ਤੋਂ ਹੈ ਜਾਂ ਹੋਰ ਕੋਈ? ਕ੍ਰਿਸ਼ਨ, ਵਿਸ਼ਨ ਆਦਿਕਾਂ ਦੇ ਧਿਆਨ ਦਾ ਤਾਂ ਪਹਿਲਾਂ ਖੰਡਨ ਕਰ ਆਏ ਹਨ। ਸੋ 'ਇਨ੍ਹਾਂ' ਦਾ (ਭਾਵ ਇਸ ਪਦ ਦਾ) ਅਰਥ ਅੱਗੇ ਦੱਸਦੇ ਹਨ। "ਮਹਾਕਾਲ ਰਖਵਾਰ ਹਮਾਰੋ॥ ਮਹਾ ਲੋਹ ਮੈ ਕਿੰਕਰ ਥਾਰੋ॥" ਕਾਲ ਦਾ ਕਾਲ ਕਰਨ ਵਾਲਾ ਜੋ ਵਾਹਿਗੁਰੂ ਹੈ (ਤੇ ਮਹਾ ਲੋਹ) ਪ੍ਰਕਾਸ਼ ਸਰੂਪ ਹੈ, ਉਸ ਦੇ ਚਰਨਾਂ ਤੋਂ ਹੈ। ਭਾਵ ਜਿਸ ਨੂੰ ਗੁਰੂ ਮਹਾਰਾਜ ਜੀ ਨੇ ਬਚਿੱਤ੍ਰ ਨਾਟਕ ਵਿਚ "ਚੁਭੀ ਰਹੀ ਸ੍ਰੁਤ ਪ੍ਰਭੁ ਚਰਨਨ ਮਹਿ॥" ਦੱਸਿਆ ਹੈ। (ਮੈ ਕਿੰਕਰ ਥਾਰੋ) ਮੈਂ ਤਾਂ ਉਸ ਦਾ ਦਾਸ ਹਾਂ। ਅਗੇ ਉਸੇ ਦੀ ਉਸਤਤ* "ਦਾਸ ਜਾਨ ਦੈ ਹਾਥ ਉਬਾਰੋ॥ ਹਮਰੇ ਸਭ ਬੈਰੀਅਨ ਸੰਘਾਰੋ॥"

---

*ਨੋਟ:- ਉਪਰਲੀ ਗੁਰੂ ਮਹਾਰਾਜ ਜੀ ਦੀ ਰਚਨਾ ਦਾ ਅੱਖਰ-ਅੱਖਰ ਅਰਥ ਨਹੀਂ ਹੋ ਰਿਹਾ, ਸਗੋਂ ਗੁਰੂ ਮਹਾਰਾਜ ਜੀ ਦੀ ਜਿਸ ਰਚਨਾ ਵਿਚ ਕੋਈ ਸੰਦੇਹ ਪ੍ਰਤੀਤ ਹੁੰਦਾ ਹੈ ਉਸ ਦਾ ਸੰਖੇਪ ਰੂਪ ਕਰਕੇ ਭਾਵ-ਅਰਥ ਲਿਖਿਆ ਜਾ ਰਿਹਾ ਹੈ। ਇਸ ਤਰ੍ਹਾਂ ਹੀ ਹੋਰ ਸਾਰੇ ਥਾਵਾਂ ਵਿਚ ਗੁਰੂ

ਤਕ ਕੀਤੀ ਹੈ। ਜੋ ਨਿਰਸੰਦੇਹ ਸਪਸ਼ਟ ਹੈ। ਕਿਸੇ ਗੁਰਸਿੱਖ ਨੂੰ ਆਪ ਤਾਂ ਉਸ ਵਿਚ ਕੀ ਭੁਲੇਖਾ ਪੈਣਾ ਹੈ, ਕੋਈ ਮਨਮਤੀਆ ਵੀ ਭੁਲੇਖਾ ਪਾਣਾ ਚਾਹੇ ਤਾਂ ਪੈ ਨਹੀਂ ਸਕਦਾ ਹੈ। ਪਰ ਅਗਲੀ ਪਉੜੀ ਵਿਚ ਜੋ ਗੁਰੂ ਮਹਾਰਾਜ ਨੇ "ਪ੍ਰਥਮ ਧਰੋ ਭਗਵਤ ਕੋ ਧਯਾਨਾ॥" ਲਿਖਿਆ ਹੈ। ਇਸ ਪੰਗਤੀ ਤੋਂ ਗੁਰਸਿੱਖਾਂ ਵਿਚ ਉਸ ਵੇਲੇ ਦੇ ਸਰਕਾਰੀ, ਸਿਆਸੀ ਤੇ ਲੋਭ ਲਹਿਰ ਦੀ ਲਪੇਟ ਵਿਚ ਆਏ ਹੋਏ ਲੋਕਾਂ ਨੇ, ਦੁਬਿਧਾ ਤੇ ਪਾਟਕ ਪਾਉਣ ਵਾਸਤੇ "ਪ੍ਰਥਮ ਧਰੋ ਭਗਵਤ ਕੋ ਧਯਾਨਾ॥" ਵਿਚ ਆਏ ਹੋਏ 'ਭਗਵਤ' ਪਦ ਦਾ ਅਰਥ ਦੇਵੀ ਕਰਕੇ ਭਰਮ ਪਾ ਦਿੱਤਾ ਕਿ ਗੁਰੂ ਮਹਾਰਾਜ ਜੀ ਦੀ ਸਿਧਾਂਤ ਰੂਪ ਰਚਨਾ ਨਹੀਂ ਹੈ। ਇਹ ਕਿਸੇ ਕਵੀ ਦੀ ਹੈ। ਇਹ ਕਹਿਕੇ ਜਿੰਨਾਂ ਕੁਝ ਵੀ ਉਪਰ 'ਸ੍ਰੀ ਰਹਰਾਸਿ' ਵਿਚ ਲਿਖਿਆ ਹੈ, ਸਭ ਨੂੰ ਹੀ ਨਾ ਪੜ੍ਹਨ ਵਾਸਤੇ ਕਹਿ ਦਿੱਤਾ, ਬਲਕਿ ਰਹਰਾਸਿ ਵਿਚੋਂ ਕੱਢ ਹੀ ਦਿੱਤਾ। ਅਸਲ ਵਿਚ ਇਥੇ 'ਭਗਵਤ' ਦਾ ਅਰਥ ਪਰਮੇਸ਼ਰ ਦਾ ਹੈ ਜਿਵੇਂ:- "ਪ੍ਰਿਥਮ ਭਗੌਤੀ ਸਿਮਰ ਕੈ" ਉਥੇ ਭੀ (ਮਾਇਆ ਸਬਲ) ਪਰਮੇਸ਼ਰ ਦਾ ਅਰਥ ਹੈ। ਪਰ ਐਸੇ* ਦੁਬਿਧਾ ਪਾਉਣ ਵਾਲੇ ਲੋਕਾਂ ਨੇ ਪ੍ਰਮੇਸ਼ਰ ਦੇ

---

* ਭਸੌੜੀਏ ਬਾਬੂ ਤੇਜਾ ਸਿੰਘ ਆਦਿਕ ਨੇ ਆਪਣੇ ਅਰਦਾਸੇ ਵਿਚ 'ਭਗੌਤੀ' ਦੀ ਥਾਂ ਸਤਿਨਾਮੁ ਸਿਮਰਕੇ ਅਰਦਾਸਾ ਕਰਿਆ ਕਰੋ ਲਿਖ ਦਿੱਤਾ।

ਡਰ-ਭੈ ਤੋਂ ਬਿਨਾਂ ਮਹਾਰਾਜ ਜੀ ਦੀ ਸ਼ਬਦ ਰਚਨਾਵਲੀ ਦਾ ਖੰਡਨ ਕਰਨ ਵਾਸਤੇ ਦੇਵੀ ਦਾ ਅਰਥ ਕਹਿਕੇ ਪ੍ਰਵਾਹ ਨਹੀਂ ਕੀਤੀ ਅਤੇ ਨਿਝੱਕ ਕਹਿ ਦਿੱਤਾ ਕਿ ਇਥੇ ਇਹ ਕਿਸੇ ਦੇਵੀ ਦੇ ਉਪਾਸ਼ਕਾਂ ਦੀ ਰਚਨਾ ਹੈ। ਇਸ ਲਈ ਪੜ੍ਹਨੀ ਮਨਮੱਤ ਹੈ। ਪਰ ਅਸਲ ਵਿਚ ਇਹ ਇਨ੍ਹਾਂ ਦੀ ਅਗਿਆਨਤਾ ਸੀ ਕਿ ਜੋ ਕੋਸ਼ ਅਨੁਸਾਰ ਇਕ-ਇਕ ਪਦ ਦੇ ਬਹੁਤ ਅਰਥ ਹੋਇਆ ਕਰਦੇ ਹਨ ਜੋ ਕੇ ਸਮਝ ਨਹੀਂ ਸਕੇ। ਜਿਵੇਂ, ਭਗਵਤ ਜਾਂ ਭਗੌਤੀ, ਦੇਵੀ ਦਾ ਭੀ ਅਰਥ ਹੈ, ਤਲਵਾਰ ਦਾ ਭੀ ਅਰਥ ਹੈ 'ਭਗਵਤੀ' ਕਾਵ ਰਚਨਾ ਵਿਚ ਇਕ ਛੰਦ ਦਾ ਵੀ ਨਾਮ ਹੈ (ਯਥਾ: ਸ੍ਰੀ ਜਾਪੁ ਸਾਹਿਬ ਵਿਚ।) ਆਦਿ ਬਹੁਤ ਸਾਰੇ ਅਰਥ ਹਨ, ਪਰਮੇਸ਼ਰ ਦਾ ਭੀ ਅਰਥ ਹੈ।

ਉਸਦੇ ਨਿਰਣੈ ਬਾਰੇ ਕੋਸ਼ਾਂ ਵਿਚ ਇਉਂ ਵਿਚਾਰ ਲਿਖੇ ਹਨ:-

੧. ਭਗਵਤ=ਭਗਵਾਨ ਭਾਵ ਪਰਮੇਸ਼ਵਰ
ਯਥਾ=ਕਲਿ ਭਗਵਤ ਬੰਦ ਚਿਰਾਂਮੰ॥ (ਪ੍ਰਭਾਤੀ ਭਗਤ ਬੇਣੀ ਜੀ ਅੰਗ ੧੨੫੧)
ਗੁਰ ਗਿਰਾਰਥ ਕੋਸ਼ ਪੰਡਿਤ ਤਾਰਾ ਸਿੰਘ ਜੀ॥

੨. ਭਗਵਤ=ਸੰਸਕ੍ਰਿਤ ਭਗਵਤ; ਆਦਰਯੋਗ, ਭਾਗਾਂਵਾਲਾ, ਭਗਵਾਨ, ਪਰਮੇਸ਼ਵਰ।
ਯਥਾ=ਕਲਿ ਭਗਵਤ ਬੰਦ ਚਿਰਾਂਮੰ॥
ਸ੍ਰੀ ਗੁਰੂ ਗਰੰਥ ਕੋਸ਼ ਖਾਲਸਾ ਟ੍ਰੈਕਟ ਸੁਸਾਇਟੀ। ਜਿਸਦੇ

ਮੁੱਖ ਕਰਤਾ ਗਿਆਨੀ ਭਾਈ ਹਜ਼ਾਰਾ ਸਿੰਘ ਜੀ ਸਨ। ਫਿਰ ਉਸਨੂੰ ਵਿਸ਼ੇਸ਼ ਨਿਰਣੈ ਪੂਰਬਕ ਦ੍ਰੁਸਤ ਕਰਨ ਵਾਲੇ ਡਾ: ਭਾਈ ਵੀਰ ਸਿੰਘ ਜੀ ਹਨ।

ਇਹ ਤਾਂ ਗੁਰੂ ਘਰ ਦੇ ਮੁਢਲੇ ਗੁਰਬਾਣੀ ਦੇ ਅਰਥਾਂ ਦੇ ਕੋਸ਼ਾਂ ਅਨੁਸਾਰ 'ਭਗਵਤ' ਪਦ ਦੇ ਅਰਥਾਂ ਦੀ ਵੀਚਾਰ ਦਸੀ ਹੈ। ਅਸਲ ਵਿਚ ਇਸ ਜੋੜ ਵਾਲੇ (ਯੋਗਿਕ) ਸ਼ਬਦ ਦਾ ਅਰਥ ਵੀਚਾਰ ਇਉਂ ਹੈ। ਇਹ 'ਭਗਵਤ' ਸ਼ਬਦ 'ਭਗ' ਤੇ 'ਵਤ' ਦੋ ਪਦਾਂ ਕਰਕੇ ਬਣਿਆ ਹੈ। ਜਿਸਦਾ ਅਰਥ 'ਭਗ'+'ਵਤ' (ਵਾਲਾ) ਯਾਂ ਭਗਵਾਲਾ ਯਾਂ ਭਾਗਾਂਵਾਲਾ। 'ਵਤ' ਪਦ ਦੀ ਬਦਲ ਵਿਚ 'ਅਉਤ' ਤੇ 'ਵੰਤ' ਵੀ ਆਇਆ ਹੈ, ਜਿਨ੍ਹਾਂ ਦਾ ਅਰਥ ਇਕੋ ਹੀ ਹੈ। ਇਸ ਪਦ ਦੇ ਬਹੁਤ ਅਰਥ ਨਹੀਂ। 'ਭਗ' ਪਦ ਦੇ ਬਹੁਤ ਅਰਥ ਹਨ, ਜੋ ਨਮੂਨੇ ਵਾਸਤੇ ਕੋਸ਼ਾਂ ਅਨੁਸਾਰ ਹੇਠਾਂ ਦਿੱਤੇ ਜਾਂਦੇ ਹਨ।

ਯਥਾ:- ਪੰਡਿਤ ਤਾਰਾ ਸਿੰਘ ਜੀ ਨਰੋਤਮ ਦੇ ਗੁਰ ਗਿਰਾਰਥ ਕੋਸ਼ ਵਿਚ 'ਭਗ' ਪਦ ਦੇ ਅਰਥ ਵੀਚਾਰ ਹੇਠ ਲਿਖੇ ਅਨੁਸਾਰ ਹਨ।

੧) 'ਭਗ':- ਸੰਸਕ੍ਰਿਤ ਵਿਚੋਂ

੧. ਇਸਤ੍ਰੀ ਕੀ ਯੋਨਿ ੨. ਸੂਰਯ

੩. ਅਣਿਮਾਦਿ ਸਿਧੀਆਂ ਰੂਪ ਆਠ ਪ੍ਰਕਾਰ ਕਾ ਐਸ਼੍ਵਰਯ

੪.ਬੀਰਯ ੫.ਜਸ ੬.ਸ੍ਰੀ ੭.ਗਿਆਨ ੮.ਵੈਰਾਗ ੯.ਇੱਛਾ ੧੦.ਮਹਾਤਮਪਣਾ ੧੧.ਯਤਨ ੧੨.ਧਰਮ ੧੩.ਮੋਖ ੧੪.ਸੁਭਾਗਪਨ ੧੫.ਕਾਂਤਿ ੧੬.ਚੰਦ ੧੭.ਪੂਰਬਾਫਲਗਣਿ ਨਛੱਤਰ ੧੮.ਗੁਦਾ ਔਰ ਪਤਾਲੂਓਂ ਕਾ ਮਧ।

੨) 'ਭਗ':- ਸੰਸਕ੍ਰਿਤ ਵਿਚੋਂ

ਇਸਤ੍ਰੀ ਦਾ ਗੁਪਤ ਅੰਗ, ਉਹ ਦਾਗ ਜੋ ਸਰੀਰ ਪਰ ਆਤਸ਼ਕ ਦੀ ਬਿਮਾਰੀ ਨਾਲ ਪੈ ਜਾਣ।

ਯਥਾ:-

ਸਹਸ ਸਰੀਰ ਚਿਹਨ ਭਗ ਹੂਏ, ਤਾ ਮਨਿ ਪਛੋਤਾਇਆ॥

(ਪ੍ਰਭਾਤੀ ਮਹਲਾ ੧ ਦਖਣੀ ਅੰਕ ੧੩੪੪)

ਸ੍ਰੀ ਗੁਰੂ ਗ੍ਰੰਥ ਕੋਸ਼ ਖਾਲਸਾ ਟ੍ਰੈਕਟ ਸੋਸਾਇਟੀ॥

੩) ਭਗ:- ਮਹਾਨ ਕੋਸ਼ ਵਿਚ ਪੂਰਬਲੇ ਕੋਸ਼ਾਂ ਨਾਲ ਮਿਲਦੇ ਜੁਲਦੇ ਤੇਈ (੨੩) ਅਰਥ ਮਿਲਦੇ ਹਨ।

ਯਥਾ:- ਭਜ੍ (ਧਾਤੂ) ਸੰਸਕ੍ਰਿਤ;ਸੰਗਿਆ

੧. ਪਰਮਾਤਮਾ ੨. ਵਾਹਿਗੁਰੂ ੩. ਸੂਰਜ ੪. ਸ਼ਿਵ ੫. ਬਲ ੬. ਵੀਰਜ ਆਦਿ ਤੇਈ (੨੩) ਅਰਥ ਲਿਖੇ ਹਨ।

੪) ਭਗ:- ਆਦਰਸ਼ ਹਿੰਦੀ ਸ਼ਬਦ ਕੋਸ਼ ਜਿਸਦੇ ਸੰਪਾਦਕ

ਪੰਡਿਤ ਰਾਮ ਚੰਦਰ ਪਾਠਕ, ਬੀ.ਏ. ਐਲ.ਟੀ. ਭੂਤਪੂਰਬਕ (ਸਾਬਕਾ) ਪ੍ਰੋਫੈਸਰ ਗੌਰਮਿੰਟ ਸੰਸਕ੍ਰਿਤ ਕਾਲਜ ਵਾਰਾਨਸੀ ਹਨ। ਉਸ ਵਿਚ 'ਭਗ' ਦੇ ੧. ਇਸਤਰੀ ਕੀ ਯੋਨ ੨. ਗੁਦਾ ੩. ਰਵਿ ਆਦਿ ਅਠਾਰਾਂ ਅਰਥ ਦਿੱਤੇ ਹਨ।

੫) ਭਗ:- ਸੰਸਕ੍ਰਿਤ ਸ਼ਬਦਾਰਥ ਕੋਸ਼ਤੁਭ (ਇਸਦੇ ਸੰਪਾਦਕ ਦਵਾਰਕਾ ਪ੍ਰਸਾਦ ਸ਼ਰਮਾ ਹਨ ਤੇ ਪ੍ਰਕਾਸ਼ਕ ਰਾਮ ਨਾਰਾਇਣ ਲਾਲ, ਬੇਨੀ ਪ੍ਰਸਾਦਿ ਇਲਾਹਬਾਦ ਹਨ) ਦੇ ਅਨੁਸਾਰ 'ਭਗ' ਸ਼ਬਦ ਇਸ ਤਰ੍ਹਾਂ ਮਿਲਦਾ ਹੈ।

'ਭਗ':- (ਸੰਸਕ੍ਰਿਤ ਵਿਚੋਂ)

√ ਭਜ੍ + ਘ > ਭਗ

ਭਗ + ਮਤੁਪ੍ > ਭਗਵਤ

ਭਗਵਤ ਸ਼ਬਦ ਯੋਗਿਕ ਹੈ, ਦੋ ਪਦਾਂ ਕਰਕੇ ਬਣਿਆ ਹੈ, ਭਗ+ਵਤ। 'ਸ਼ਬਦ' ਜਾਂ 'ਪਦ' ਇਕੋ ਅਰਥ ਦੇ ਬੋਧਿਕ ਹਨ। ਨਿਆਇ ਸ਼ਾਸ਼ਤਰ ਨੇ ਚੌਵੀ (੨੪) ਗੁਣਾਂ ਵਿਚੋਂ ਸ਼ਬਦ ਨੂੰ ਇਕ ਗੁਣ ਮੰਨਿਆ ਹੈ। (ਤਰਕ ਸੰਗ੍ਰਹਿ) ਉਥੇ ਸ਼ਬਦ ਦਾ ਨਿਰਣੈ ਕਰਦਿਆਂ ਹੋਇਆਂ ਉਨ੍ਹਾਂ ਨੇ ਇਉਂ ਲੱਛਣ ਕੀਤਾ ਹੈ:-

"ਵਰਣ ਸਮਦਾਯੋਈ ਪਦ: ਪਦ ਸਮਦਾਯੋਈ ਵਾਕ:।"

ਇਹ ਅਰਥ ਠੀਕ ਢੁਕਦਾ ਹੈ। ਸਦ ਲੱਛਣ ਹੈ। ਜੋ ਅਤੀ

ਬਿਆਪਤੀ ਦੋਸ਼ ਰਹਿਤ ਹੈ। ਉਂਵ ਅਜ ਕਲ ਸ਼ਬਦ ਹੀ ਕਹਿਣ ਲੱਗ ਪਏ ਹਨ। ਰਹਉ ਵਿਚਾਰ।

ਸ਼ਬਦ ਤਿੰਨ ਪ੍ਰਕਾਰ ਦੇ ਮੰਨੇ ਗਏ ਹਨ। ੧. ਰੂੜੀ ੨. ਯੋਗਿਕ ੩. ਯੋਗ ਰੂੜੀ *।

ਉਦਾਹਰਣ ਦੇ ਤੌਰ ਤੇ 'ਭਗਵਤ' ਸ਼ਬਦ ਵਿਚ 'ਭਗ' ਰੂੜੀ ਹੈ। 'ਭਗ' ਦੇ ਨਾਲ 'ਵਤ' ਜੋੜਨੇ ਕਰਕੇ ਯੋਗਿਕ ਹੋ ਗਿਆ ਅਤੇ ਪ੍ਰਸੰਗ ਅਨੁਸਾਰ ਜਿਸ ਪ੍ਰਯੋਜਨ ਨਾਲ ਵਕਤੇ ਨੇ ਜਿਸ ਅਰਥ ਨੂੰ ਲੈਣ ਦਾ ਸੰਕੇਤ ਕਰ ਦਿੱਤਾ ਹੈ, ਉਹ ਯੋਗ-ਰੂੜੀ ਹੋ ਗਿਆ। ਜਿਵੇਂ:- 'ਭਗਵਤ' ਜਾਂ 'ਭਾਗਵਤ' ਦੇ ਬਹੁਤ ਅਰਥ ਬਣ ਸਕਦੇ ਹਨ। ਜਿਵੇਂ ਸ੍ਰੀ ਰਹਰਾਸਿ ਸਾਹਿਬ ਵਿਚ ਜੋ ਭਗਵਤ ਸ਼ਬਦ ਬਾਰੇ ਰੌਲਾ ਪਾਉਂਦੇ ਹਨ ਕਿ ਇਹ ਦੇਵੀ ਦਾ ਬੋਧਿਕ ਹੈ ਉਹ ਤਿੰਨ ਵਾਰੀ ਆਇਆ ਹੈ ਜਿਸਦੇ ਨਿਰਣੈ ਪੂਰਬਕ ਅਰਥ ਪ੍ਰਸੰਗ ਅਨੁਸਾਰ ਦਿੱਤੇ ਗਏ ਹਨ।

---

* ਇਨਾਂ ਦਾ ਵਿਸ਼ੇਸ਼ ਨਿਰਣੈ ਵਿਸਥਾਰ ਦੇ ਭੈ ਤੋਂ ਨਹੀਂ ਕੀਤਾ। ਸੁਖਾਲਾ ਤੇ ਸੰਖੇਪ ਰੂਪ ਸਮਝਣ ਵਾਸਤੇ ਪੰਜਾਬੀ 'ਸ਼ਬਦ ਰੂਪ ਤੇ ਸ਼ਬਦ ਜੋੜ ਕੋਸ਼' ਤੋਂ ਬਹੁਤ ਵਿਸਥਾਰ ਤੇ ਨਿਰਣੈ ਪੂਰਬਕ ਸਮਝਿਆ ਜਾ ਸਕਦਾ ਹੈ। ਸੰਪਾਦਕ ਡਾ: ਹਰਕੀਰਤ ਸਿੰਘ ਪੰਜਾਬੀ ਯੂਨੀਵਰਸਿਟੀ, ਪਟਿਆਲਾ।

੧. ਪ੍ਰਥਮ ਧਰੋ 'ਭਗਵਤ' ਕੋ ਧਯਾਨਾ॥ ਬਹੁਰ ਕਰੋ ਕਬਿਤਾ ਬਿਧਿ ਨਾਨਾ॥

੨. ਸ੍ਰੀ 'ਭਗਵਤ' ਪੂਰਨ ਕੀਯੋ, ਰਘੁਬਰ ਕਥਾ ਪ੍ਰਸੰਗ॥

੩. ਗ੍ਰੰਥ ਸਕਲ ਪੂਰਣ ਕੀਯੋ, 'ਭਗਵਤ' ਕ੍ਰਿਪਾ ਪ੍ਰਸਾਦਿ॥

ਇਥੇ ਇਹ 'ਭਗਵਤ' ਸ਼ਬਦ ਹੈ ਤਾਂ ਯੋਗਿਕ, ਪਰ ਇਸ ਦੇ ਅਰਥ ਪਰਮੇਸ਼ਵਰ, ਅਕਾਲਪੁਰਖ, ਵਾਹਿਗੁਰੂ ਹਨ। ਸੋ ਇਸ ਸ਼ਬਦ ਦੇ ਅਰਥਾਂ ਦੀ ਰੂੜਤਾ ਸਤਿਗੁਰਾਂ ਦੇ ਆਸ਼ੇ ਅਨੁਸਾਰ ਅਕਾਲ ਪੁਰਖ ਵਿਚ ਹੈ, ਇਸਨੂੰ ਯੋਗ-ਰੂੜੀ ਕਹਿੰਦੇ ਹਨ।

ਇਹ ਸ਼ਬਦ 'ਭਗ' ਅਤੇ 'ਵਤ' ਦੋਹਾਂ ਦੇ ਜੋੜ ਤੋਂ ਬਣਿਆ ਹੈ। ਇਸ ਲਈ ਯੋਗਿਕ ਹੈ। ਇਸ ਦੇ ਅਰਥ ਭਗ ਦੇ ਵਖਰੇ ਅਤੇ ਵਤ ਦੇ ਵਖਰੇ ਹਨ। ਕੋਸ਼ਾਂ ਅਨੁਸਾਰ ਸਾਡੇ ਭਾਰਤ ਦੇਸ਼ ਦੀ ਆਦਿ ਸੰਸਕ੍ਰਿਤੀ (ਸਭਿਅਤਾ) ਅਨੁਸਾਰ ਜੋ ਹਿੰਦੂਆਂ ਨੇ ਅਪਣਾਈ ਹੈ। ਭਾਵ ਜਿਸ ਧਾਰਮਿਕ ਵਿਦਿਆ ਦੇ ਹਿੰਦੂ ਲੋਕ ਅਠਾਰਾਂ (੧੮) ਪ੍ਰਸਥਾਨ (ਵਿਸ਼ੇਸ਼ ਸਥਾਨ) ਮੰਨਦੇ ਹਨ; ਚਾਰ ਵੇਦ, ਚਾਰ ਉਪ ਵੇਦ, ਖੱਟ ਵੇਦ ਦੇ ਅੰਗ ਤੇ ਪੁਰਾਣ, ਨਿਆਇ, ਮੀਮਾਂਸਾ, ਧਰਮ ਸ਼ਾਸਤ੍ਰ।

"ਇਸ ਰੀਤੀ ਸੇ ਬੈਖਰੀ ਬਾਣੀ ਰੂਪ ਵਿਦਿਆ ਕੇ ਅਠਾਰਾਂ ਭੇਦ ਹੈਂ। ਤਿਸ ਕੋ ਪ੍ਰਸਥਾਨ ਕਹੇ ਹੈਂ।" (ਵਿਚਾਰ ਸਾਗਰ ਦੇ ਇਕੀਵੇਂ ਦੋਹਰੇ ਦਾ ਟੀਕਾ ਸਤਵਾਂ ਤਰੰਗ)

ਜਿਸਨੇ ਵਿਸ਼ੇਸ਼ ਵੇਖਣਾ ਹੋਵੇ ਉਥੋਂ ਵੇਖ ਲਵੇ। ਵਿਸਥਾਰ ਦੇ ਭੈ ਤੋਂ ਨਹੀਂ ਲਿਖੇ।

ਅਠਾਰਾਂ ਪ੍ਰਸਥਾਨਾਂ ਵਿਚੋਂ ਇਥੇ ਪ੍ਰਸੰਗ ਅਨੁਸਾਰ ਜੋ ਅਠਾਰਾਂ ਪੁਰਾਣ ਮੰਨੇ ਹਨ, ਉਨ੍ਹਾਂ ਵਿਚ ਭਗਵਤ ਯਾਂ ਭਾਗਵਤ ਯਾਂ ਭਗਉਤ ਯਾਂ ਭਗਉਤੀ; ਇਹ ਸ਼ਬਦ ਵੈਸ਼ਨਵ ਭਾਗਵਤ ਤੇ ਦੂਜਾ ਭਗਵਤੀ ਭਾਗਵਤ ਵਿਚ ਵਰਤੀਂਦੇ ਆਏ ਹਨ। ਅਠਾਰਾਂ ਪੁਰਾਣ ਇਹ ਹਨ ਜੋ ਵਿਆਸ ਮੁਨੀ ਜੀ ਦੀ ਕ੍ਰਿਤ ਹਨ। ੧. ਬ੍ਰਹਮ ੨. ਪਦਮ ੩. ਵੈਸ਼ਨਵ ੪. ਸ਼ੈਵ ੫. ਭਾਗਵਤ ੬. ਨਾਰਦੀਯ ੭. ਮਾਰਕੰਡੇਯ ੮. ਅਗਨੇਯ ੯. ਭਵਿਖ੍ਯ ੧੦. ਬ੍ਰਹਮ ਵੈਵਵਰਤ ੧੧. ਲੈਂਗ ੧੨. ਵਾਰਾਹ ੧੩. ਸਕੰਦ ੧੪. ਵਾਮਨ ੧੫. ਕੌਰਮ ੧੬. ਮਾਤਸਯ ੧੭. ਗਾਰੁੜ ੧੮. ਬ੍ਰਹਮਾਂਡ।

ਇਹ ਮੁੱਖ ਹਨ। ਹੋਰ ਵੀ ਉਪ-ਪੁਰਾਣ ਅਠਾਰਾਂ ਕਹਿੰਦੇ ਹਨ। ਪਰ ਉਨ੍ਹਾਂ ਦਾ ਨਿਯਮ ਨਹੀਂ ਹੋਰ ਵੀ ਬਹੁਤ ਸਾਰੇ ਹਨ।

ਭਾਗਵਤ ਦੋ ਹਨ:- ੧. ਵੈਸ਼ਨੂੰ ਭਾਗਵਤ ੨. ਭਗਵਤੀ ਭਾਗਵਤ ਦੋਹਾਂ ਵਿਚ ਅਠਾਰਾਂ, ਅਠਾਰਾਂ ਹਜ਼ਾਰ (੧੮,੦੦੦) ਸਲੋਕ ਹਨ। ਦੋਹਾਂ ਦੇ ਹੀ ਬਾਰਾਂ-ਬਾਰਾਂ ਸਿਕੰਧ ਹਨ। ਜਿਹੜੇ ਤਾਂ ਵਿਸ਼ਨੂੰ ਦੇ ਭਗਤ ਹਨ, ਉਹ ਵੈਸ਼ਨਵ ਭਾਗਵਤ ਨੂੰ ਮੁੱਖ-

ਪੁਰਾਣ ਤੇ ਭਗਵਤੀ ਭਾਗਵਤ ਨੂੰ ਉਪ-ਪੁਰਾਣ ਕਹਿੰਦੇ ਹਨ। ਜਿਹੜੇ ਭਗਵਤੀ (ਦੇਵੀ) ਦੇ ਭਗਤ ਹਨ, ਉਹ ਭਗਵਤੀ ਭਾਗਵਤ ਨੂੰ ਮੁੱਖ-ਪੁਰਾਣ ਤੇ ਵੈਸ਼ਨੂੰ ਭਾਗਵਤ ਨੂੰ ਉਪ-ਪੁਰਾਣ ਕਹਿੰਦੇ ਹਨ। ਦੋਨੋਂ ਹੀ ਵਿਆਸ ਕ੍ਰਿਤ ਹਨ। ਸਾਡਾ ਇਨ੍ਹਾਂ ਦੇ ਕਹਿਣ ਨਾਲ ਕੋਈ ਪ੍ਰਯੋਜਨ ਨਹੀਂ।

ਭਗਵਤ, ਭਾਗਵਤ, ਭਗਉਤ, ਭਗਉਤੀ, ਭਗਵੰਤ ਯਾਂ ਭਗਵਾਨ ਇਨ੍ਹਾਂ ਦੇ ਅਰਥ ਇਕੋ ਹੀ ਹਨ ਤੇ ਇਹ ਸ਼ਬਦ ਹਿੰਦੂ ਧਰਮ ਦੇ ਅਠਾਰਾਂ ਮੁੱਖ-ਪੁਰਾਣਾਂ ਵਿਚੋਂ 'ਵੈਸ਼ਨਵ ਪੁਰਾਣ' ਅਤੇ 'ਭਗਉਤੀ ਭਾਗਵਤ ਪੁਰਾਣ' ਵਿਚ ਆਇਆ ਹੈ। ਜੋ ਵਿਆਸ ਕ੍ਰਿਤ ਹਨ। ਭਗਉਤੀ ਸ਼ਬਦ ਨਾਲ ਭਾਗਵਤ ਸ਼ਬਦ ਜ਼ਰੂਰ ਹੁੰਦਾ ਹੈ। ਵਿਆਸ ਜੀ ਵਰਗੇ ਤੇ ਉਸ ਸਮੇਂ ਦੇ ਯਾਂ ਉਸ ਸਮੇਂ ਤੋਂ ਪਹਿਲਾਂ ਜੋ ਹਿੰਦੂ ਧਰਮ ਦੀ ਵੈਖਰੀ ਬਾਣੀ ਜਾਂ ਲਿਖਣ ਵਿਚ ਆਉਣ ਵਾਲੀ ਬਾਣੀ ਵਾਲਿਆਂ ਨੇ ਮੁੱਢ ਵਿਚ ਇਸ ਦਾ ਪ੍ਰਯੋਗ ਕੀਤਾ ਹੈ। ਰਹਉ ਵੀਚਾਰ॥ ਚਾਹੇ ਇਹ ਪਰਮੇਸ਼ਵਰ ਵਲੋਂ ਉਚਾਰਣ ਹੋਇਆ ਹੈ ਜਿਵੇਂ:- ਵੇਦ ਵਿਦਿਆ ਨੂੰ ਮੰਨਦੇ ਹਨ। ਯਾ ਪਰਮੇਸ਼ਵਰ ਕ੍ਰਿਤ ਮਹਾਂ-ਪੁਰਸ਼ਾਂ ਵਲੋਂ ਪਰਵਿਰਤ ਹੋਇਆ ਹੈ। ਭਾਵ ਇਸ ਦਾ ਕਿ ਇਹ ਸ਼ਬਦ ਹਿੰਦੂ ਧਰਮ ਦੀ ਭਾਸ਼ਾ ਦਾ ਹੈ ਯਵਨ ਭਾਸ਼ਾ ਦਾ ਨਹੀਂ। ਹਿੰਦੂ ਧਰਮ ਵਿਚ ਬ੍ਰਹਮਾ, ਵਿਸ਼ਨੂੰ ਤੇ

ਸ਼ਿਵ ਜੀ, ਤਿੰਨਾਂ ਦੇਵਤਿਆਂ ਨੂੰ ਪ੍ਰਧਾਨ ਮੰਨਿਆ ਹੈ। ਜਿਵੇਂ ਗੁਰੂ ਨਾਨਕ ਸਾਹਿਬ ਜੀ ਨੇ:- "ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ।" ਸ੍ਰੀ ਜਪੁ ਜੀ ਸਾਹਿਬ ਦੀ ਤੀਹਵੀਂ (੩੦) ਪਉੜੀ ਵਿਚ ਲਿਖਿਆ ਹੈ। ਹੋਰ ਥਾਵੇਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਤਿੰਨਾਂ ਬਾਰੇ ਬਹੁਤ ਬਚਨ ਆਉਂਦੇ ਹਨ।

ਹਿੰਦੂ ਧਰਮ ਵਿਚ ਪੁਰਾਣਿਕ ਮਤ ਵਾਲਿਆਂ ਨੇ ਵਿਸ਼ਨੂੰ, ਸ਼ਿਵ ਜੀ, ਗਣੇਸ਼, ਦੇਵੀ ਅਤੇ ਸੂਰਜ ਇਨ੍ਹਾਂ ਨੂੰ ਈਸ਼ਵਰ ਮੰਨਿਆ ਹੈ। ਕਾਰਣ ਕਾਰਜ ਰੂਪ ਕਰਕੇ ਇਹ ਇਕ ਦੂਜੇ ਨਾਲ ਝਗੜਦੇ ਹਨ। ਭਾਵ ਵੈਸ਼ਨੂੰ ਮਤ ਵਾਲੇ ਵਿਸ਼ਨੂੰ ਨੂੰ ਕਾਰਣ ਰੂਪ ਤੇ ਦੂਜਿਆਂ ਨੂੰ ਕਾਰਜ ਰੂਪ ਮੰਨਦੇ ਹਨ। ਇਵੇਂ ਹੀ ਦੂਜਿਆਂ ਦੇ ਉਪਾਸ਼ਕ ਆਪਣੇ ਉਪਾਸਯ (ਉਪਾਸ਼ਨਾ ਕਰਨ ਯੋਗ ਇਸ਼ਟ) ਨੂੰ ਕਾਰਣ ਤੇ ਦੂਜਿਆਂ ਨੂੰ ਕਾਰਜ ਰੂਪ ਕਹਿੰਦੇ ਹਨ।

ਹੁਣ ਲਉ 'ਭਗਵਤ' ਯਾਂ 'ਭਾਗਵਤ' ਯਾਂ 'ਭਗਵੰਤ' ਯਾਂ 'ਭਗਉਤ' ਯਾਂ 'ਭਗਉਤੀ'; ਇਨ੍ਹਾਂ ਨੂੰ ਕੋਸ਼ਾਂ ਅਨੁਸਾਰ ਜੋ 'ਭਗ' ਦਾ ਅਰਥ ਐਸ਼ਵਰਯ, ਬਿਭੂਤੀ, ਸੰਪਤੀ ਯਾਂ ਮਾਇਆ (ਸ਼ਕਤੀ) ਵੀ ਕੀਤਾ ਹੈ। ਉਹ ਇਥੇ ਢੁਕਾਇਆ ਹੈ। ਭਾਵ ਐਸ਼ਵਰਯ ਵਾਲਾ, ਸ਼ਕਤੀ ਵਾਲਾ, ਮਾਇਆ ਵਾਲਾ

ਆਦਿ। ਵੇਦਾਂਤ ਮਤ ਵਾਲਿਆਂ ਨੇ ਇਨ੍ਹਾਂ ਸਾਰਿਆਂ ਨੂੰ ਕਾਰਜ ਰੂਪ ਮੰਨਿਆ ਹੈ। ਇਨ੍ਹਾਂ ਸਾਰਿਆਂ ਨੂੰ ਬਣਾਉਣ ਵਾਲਾ ਕਾਰਣ ਰੂਪ ਉਸ ਨੂੰ ਪਰਮੇਸ਼ਵਰ ਕਿਹਾ ਹੈ। ਦਸਮ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸ੍ਰੀ ਜਾਪੁ ਸਾਹਿਬ ਜੀ ਦੇ ਸਠਵੇਂ (੬੦) ਛੰਦ ਵਿਚ:-

ਪਰਮ ਪਰਮ ਪਰਮੇ*॥ ਸ੍ਰੂਬੰ ਪ੍ਰੋਛ ਪਾਲੰ॥
ਸਦਾ ਸਰਬ ਦਾ॥ ਸਿਧ ਦਾਤਾ ਦਿਆਲੰ॥

ਅਤੇ ਹੋਰ ਬਹੁਤ ਥਾਵੇਂ ਵੀ ਵਰਤੋਂ ਕੀਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵੀ ਇਸ ਸ਼ਬਦ ਦੀ ਵਰਤੋਂ ਬਹੁਤ ਕੀਤੀ ਹੈ। ਆਮ ਸਿੱਖ ਸੰਗਤਾਂ ਵਿਚ ਵੀ ਇਹ ਸ਼ਬਦ ਬੋਲਣ ਵਿਚ ਬਹੁਤ ਪ੍ਰਸਿੱਧ ਹੈ। ਗੁਰੂ ਸਾਹਿਬ ਜੀ ਦੇ ਆਸ਼ੇ ਅਨੁਸਾਰ ਇਸ ਦਾ ਅਰਥ ਜਿੰਨ੍ਹੇ ਵੀ ਦੁਨੀਆਂ ਵਿਚ ਭਗਵਾਨ, ਈਸ਼ਵਰ ਅਤੇ ਹੋਰ ਸ਼ਕਤੀਆਂ ਵਾਲੇ ਮੰਨੇ ਹਨ, ਉਨ੍ਹਾਂ ਸਭ ਤੋਂ (ਪਰਮ) ਵੱਡਾ ਜੋ ਇਨ੍ਹਾਂ ਦਾ ਕਰਤਾ ਹੈ, ਐਸ਼ਵਰਯ ਤੇ ਸਾਰੀ ਮਾਇਆ ਦਾ ਮਾਲਕ ਹੈ। ਭਾਵ ਜਿਸਦੇ ਸਾਰੀ ਮਾਇਆ ਅਧੀਨ ਹੈ।

ਗੁਰੂ ਮਹਾਰਾਜ ਜੀ ਦੇ ਆਸ਼ੇ ਅਨੁਸਾਰ ਪ੍ਰਸੰਗਿਕ ਅਰਥ

---

* ਇਸ ਤੁਕ ਦੇ ਬਿਸ਼ਰਾਮ ਦੇ ਨਿਰਣੈ ਬਾਰੇ ਗੁਟਕੇ ਦੀ ਅੰਤਕਾ ਵਿਚ ਵੇਖੋ।

ਇਹ ਹਨ:- "ਪ੍ਰਥਮ ਧਰੋ ਭਗਵਤ ਕੋ ਧਯਾਨਾ॥
ਬਹੁਰ ਕਰੋ ਕਬਿਤਾ ਬਿਧਿ ਨਾਨਾ॥"
(ਗੁਟਕੇ ਦਾ ਪੰਨਾ ੧੪੭)

ਪਹਿਲਾਂ ਅਸੀਂ (ਭਗਵਤ) ਪਰਮੇਸ਼ਵਰ, ਅਕਾਲ ਪੁਰਖ ਦਾ ਧਿਆਨ ਕਰਦੇ ਹਾਂ, ਇਹ ਅਰਥ ਹੈ। ਭਾਵ ਉਸ ਨੂੰ ਧਿਆਉਂਦੇ ਹਾਂ। ਫਿਰ ਕ੍ਰਿਸ਼ਨ ਜੀ ਸਬੰਧੀ ਨਾਨਾ ਤਰ੍ਹਾਂ ਦੀ ਕਵਿਤਾ ਉਚਾਰਨ ਕਰਦੇ ਹਾਂ, ਇਹ ਮੁਖ ਭਾਵ ਹੈ। ਜਿਥੋਂ ਮੂਲ ਰੂਪ ਵੈਸ਼ਨਵ ਭਾਗਵਤ ਪੁਰਾਣ ਦਾ ਅਨੁਵਾਦ ਕੀਤਾ ਹੈ। ਇਹ ਕਿਸ ਵਾਸਤੇ ਕੀਤਾ ਹੈ, ਉਹ ਅਖੀਰ ਤੇ ਆਪ ਜੀ ਨੇ ਦੱਸਿਆ ਹੈ।

"ਦਸਮ ਕਥਾ ਭਾਗੌਤ ਕੀ, ਭਾਖਾ ਕਰੀ ਬਨਾਇ॥
ਅਵਰ ਬਾਸਨਾ ਨਾਹਿ, ਪ੍ਰਭ ਧਰਮ ਜੁੱਧ ਕੇ ਚਾਇ॥"
(ਛੰਦ ੨੪੯੧, ਦਸਮ ਗ੍ਰੰਥ ਕ੍ਰਿਸ਼ਨਾ ਅਵਤਾਰ)

ਜਿਸਦਾ ਅਰਥ ਵੈਸ਼ਨਵ ਭਾਗਵਤ ਪੁਰਾਣ ਦੇ ਦਸਮ ਸਕੰਧ ਦੀ ਕਥਾ ਅਸੀਂ ਸੰਸਕ੍ਰਿਤ ਤੋਂ ਬਣਾਉਣੀ ਕੀਤੀ ਹੈ। ਪ੍ਰੰਤੂ ਇਸ ਦਾ ਉਲੱਥਾ ਕਰਨ ਵਿਚ ਮੇਰੀ ਹੋਰ ਕੋਈ ਵਾਸ਼ਨਾ ਨਹੀਂ ਹੈ। ਕੇਵਲ ਧਰਮ ਯੁੱਧ ਦਾ ਚਾਉ ਲੋਕਾਂ ਵਿਚ ਪੈਦਾ ਕਰਨ ਲਈ ਇਹ ਪ੍ਰਸੰਗ ਪ੍ਰਗਟ ਕਰਕੇ ਲਿਖੇ ਹਨ। ਤਾਂ ਕਿ ਜੋ ਹਿੰਦੂ ਧਰਮ ਵਿਚੋਂ ਬੀਰ ਰਸ ਬਹੁਤ ਕਮਜ਼ੋਰ ਹੋ ਚੁੱਕਾ

ਸੀ। ਮੁਸਲਮਾਨਾਂ ਦੇ ਅਧੀਨ ਹੋ ਚੁੱਕੇ ਸਨ। ਉਹ ਆਪਣੇ ਧਰਮ ਦੀ ਰੱਖਿਆ ਤੇ ਸੁਤੰਤਰ ਰਾਜ-ਸਾਜ ਸੰਭਾਲਣ ਵਾਸਤੇ ਕਾਇਮ ਹੋ ਜਾਣ। ਜਿਵੇਂ ਅੱਗੇ ਸਤਿਗੁਰੂ ਮਹਾਰਾਜ ਜੀ ਨੇ ਸਵੈਈਏ ਵਿਚ ਆਪਣਾ ਮੁਖ ਸਿਧਾਂਤ, ਬੀਰ-ਰਸੀ ਤੇ ਗਿਆਨ-ਮਈ ਕਲਾ ਵਿਚ ਉਚਾਰਨ ਕੀਤਾ ਹੈ।

ਸਵੈਯਾ: ਧੰਨ ਜੀਓ ਤਿਹ ਕੋ ਜਗ ਮੈ; ਮੁਖ ਤੇ ਹਰਿ, ਚਿੱਤ ਮੈ ਜੁਧੁ ਬਿਚਾਰੈ॥ ਦੇਹ ਅਨਿੱਤ ਨ ਨਿੱਤ ਰਹੈ, ਜਸੁ ਨਾਵ ਚੜੈ ਭਵ ਸਾਗਰ ਤਾਰੈ॥ ਧੀਰਜ ਧਾਮ ਬਨਾਇ ਇਹੈ ਤਨ, ਬੁੱਧਿ ਸੁ ਦੀਪਕ ਜਿਉ ਉਜੀਆਰੈ॥ ਗਿਆਨਹਿ ਕੀ ਬਢਨੀ ਮਨਹੁ ਹਾਥ ਲੈ, ਕਾਤਰਤਾ ਕੁਤਵਾਰ ਬੁਹਾਰੈ॥ (ਛੰਦ ੨੪੯੨)

ਸਮਾਪਤੀ ਤੇ ਆਪ ਲਿਖਦੇ ਹਨ।

ਇਤ ਸ੍ਰੀ ਦਸਮ ਸਿਕੰਧ ਪੁਰਾਣੇ* ਬਚਿਤ੍ਰ ਨਾਟਕ ਗ੍ਰੰਥੇ ਕ੍ਰਿਸ਼ਨਾ ਅਵਤਾਰ ਧਿਯਾਯ ਸਮਾਪਤ ਮਸਤੁ ਸੁਭ ਮਸਤੁ॥

ਦੋਹਰਾ: ਜੇ ਜੇ ਤੁਮਰੇ ਧਿਆਨ ਕੋ, ਨਿਤ ਉਠਿ ਧਿਐਹੈ ਸੰਤ॥

ਅੰਤ ਲਹੈਗੇ ਮੁਕਤ ਫਲੁ, ਪਾਵਹਿਗੇ ਭਗਵੰਤ॥

ਇਥੇ ਵੀ ਭਗਾਂ ਭਾਵ ਐਸ਼ਵਰਯ ਸਰਬ ਸ਼ਕਤੀਆਂ (ਵੰਤ)

---

* ਵੈਸ਼ਨਵ ਭਾਗਵਤ ਪੁਰਾਣ ਦੇ ਦਸਵੇਂ ਸਿਕੰਧ ਦਾ ਅਨੁਵਾਦ।

ਵਾਲਾ ਜੋ ਪ੍ਰਮੇਸ਼ਵਰ ਭਗਵਾਨ ਹੈ ਉਸਤੋਂ ਮਤਲੱਬ ਹੈ।

ਸ੍ਰੀ 'ਭਗਵਤ' ਪੂਰਨ ਕੀਯੋ, ਰਘੁਬਰ ਕਥਾ ਪ੍ਰਸੰਗ॥

ਇਥੇ ਜੋ ਵਿਸ਼ਨੂੰ ਦੇ ਮੁੱਖ ਅਵਤਾਰ ਜਿਵੇਂ ਕ੍ਰਿਸ਼ਨ ਜੀ ਨੂੰ ਉਹ ਭਗਵਾਨ ਮੰਨਦੇ ਹਨ ਤੇ ਉਸਦਾ ਯਸ ਵੈਸ਼ਨਵ ਭਾਗਵਤ ਵਿਚ ਲਿਖਿਆ ਹੈ। ਇਵੇਂ ਇਥੇ ਵੀ ਰਾਮ ਚੰਦਰ ਜੀ ਜਿਸ ਨੂੰ ਵਿਸ਼ਨੂੰ ਦਾ ਮੁੱਖ ਅਵਤਾਰ ਮੰਨਦੇ ਹਨ। ਉਨ੍ਹਾਂ ਨੂੰ ਭਗਵਾਨ ਮੰਨ ਕੇ, ਉਨ੍ਹਾਂ ਦਾ ਯਸ ਕੀਤਾ ਹੈ। ਉਹ ਗ੍ਰੰਥ ਵੀ ਵੈਸ਼ਨਵ ਭਾਗਵਤ ਪੁਰਾਣ ਦੇ ਅੰਤਰਗਤਿ ਸਮਝਿਆ ਗਿਆ ਹੈ, ਰਮਾਇਣ ਆਦਿਕ।

ਗ੍ਰੰਥ ਸਕਲ ਪੂਰਣ ਕੀਯੋ, 'ਭਗਵਤ' ਕ੍ਰਿਪਾ ਪ੍ਰਸਾਦਿ॥

ਇਥੇ ਗੁਰੂ ਮਹਾਰਾਜ ਜੀ ਦੇ ਆਸ਼ੇ ਅਨੁਸਾਰ ਭਗਵਤ ਦਾ ਪ੍ਰਸੰਗਿਕ ਅਰਥ ਉਹੀ ਹੈ ਜੋ "ਪ੍ਰਥਮ ਧਰੋ ਭਗਵਤ ਕੋ ਧਯਾਨਾ॥" ਵਿਚ ਵਰਨਣ ਹੋ ਚੁੱਕਾ ਹੈ।

ਸ੍ਵੈਯਾ॥

ਪਾਇ ਗਹੇ ਜਬ ਤੇ ਤੁਮਰੇ
ਤਬ ਤੇ ਕੋਊ ਆਖ ਤਰੇ ਨਹੀ ਆਨਯੋ॥
ਰਾਮ ਰਹੀਮ ਪੁਰਾਨ ਕੁਰਾਨ
ਅਨੇਕ ਕਹੈਂ ਮਤ ਏਕ ਨ ਮਾਨਯੋ॥
ਸਿੰਮ੍ਰਿਤਿ ਸਾਸਤ੍ਰ ਬੇਦ ਸਬੈ

ਬਹੁ ਭੇਦ ਕਹੈ ਹਮ ਏਕ ਨ ਜਾਨਯੋ॥
ਸ੍ਰੀ ਅਸਪਾਨ ਕ੍ਰਿਪਾ ਤੁਮਰੀ ਕਰਿ
ਮੈ ਨ ਕਹਯੋ ਸਬ ਤੋਹਿ ਬਖਾਨਯੋ॥੧੨॥੮੬੩॥

ਦੋਹਰਾ॥

ਸਗਲ ਦੁਆਰ ਕਉ ਛਾਡਿ ਕੈ
ਗਹਯੋ ਤੁਹਾਰੋ ਦੁਆਰ॥
ਬਾਂਹਿ ਗਹੇ ਕੀ ਲਾਜ ਅਸ
ਗੋਬਿੰਦ ਦਾਸ ਤੁਹਾਰ॥੧੩॥੮੬੪॥

ਉਪਰਲੇ ਸਵਈਏ ਅਤੇ ਦੋਹਰੇ ਵਿਚ ਆਪਣਾ ਪੂਰਨ ਗੁਰਮਤਿ ਸਿਧਾਂਤ ਸਪਸ਼ਟ ਕੀਤਾ ਹੈ।

"ਪ੍ਰਥਮ ਧਰੋ ਭਗਵਤ ਕੋ ਧਯਾਨਾ॥" ਇਸ ਤੋਂ ਅੱਗੇ ਕਬਿ ਬਾਚ॥ ਦੋਹਰਾ॥ "ਜੋ ਨਿਜ ਪ੍ਰਭ ਮੋ ਸੋ ਕਹਾ ਸੋ ਕਹਿਹੋ ਜਗ ਮਾਹਿ॥ ਜੋ ਤਿਹ ਪ੍ਰਭ ਕੌ ਧਿਆਇ ਹੈ ਅੰਤ ਸੁਰਗ ਕੋ ਜਾਹਿ॥੧॥"

ਸੁਰਗ=ਦੇਵ-ਲੋਕ, ਦੇਵ=ਪ੍ਰਕਾਸ਼ ਸਰੂਪ ਦੇ ਲੋਕ, ਭਾਵ ਸਚਖੰਡ ਨੂੰ ਜਾਣਗੇ।

ਦੋਹਰਾ॥ "ਹਰਿ ਹਰਿਜਨ ਦੁਈ ਏਕ ਹੈ ...॥੨॥"
ਦੋਹਰਾ॥ "ਜਬ ਆਇਸੁ ਪ੍ਰਭ ਕੋ ਭਯੋ ...॥੩॥"
ਕਬਿ ਬਾਚ॥ ਦੋਹਰਾ॥ "ਠਾਢ ਭਯੋ ਮੈ ਜੋਰਿ ਕਰਿ ...॥੪॥"

ਇਹ ਉਪਰਲੇ ੨ ਨੰਬਰ ਤੋਂ ੪ ਨੰਬਰ ਤਕ ਦੇ ਦੋਹਰੇ ਬਚਿੱਤਰ ਨਾਟਕ ਵਿਚ ਆਉਂਦੇ ਹਨ। ਜਿਸ ਬਾਰੇ ਕਿਸੇ ਨੂੰ ਕੋਈ ਸੰਦੇਹ ਨਹੀਂ।

ਦੋਹਰਾ॥ "ਜੇ ਜੇ ਤੁਮਰੇ ਧਿਆਨ ਕੋ ...॥੫॥"

ਇਹ ਦੋਹਰਾ ਚੰਡੀ-ਚਰਿੱਤ੍ਰ ਦੇ ਅਖੀਰ ਤੇ ਆਉਂਦਾ ਹੈ। ਜਿਸ ਦਾ ਭਾਵ ਭੀ ਸਪਸ਼ਟ ਅਕਾਲ-ਪੁਰਖ ਦਰਸਾ ਕੇ, ਚੰਡੀ-ਚਰਿੱਤ੍ਰ ਦੇ ਅਨੁਵਾਦ ਤੋਂ ਆਪਣਾ ਵਖਰਾ ਸਿਧਾਂਤ ਦਿਖਾਇਆ ਹੈ। ਇਸ ਤੋਂ ਅੱਗੇ:-

ਦੋਹਰਾ॥ "ਕਾਲ ਪੁਰਖ ਕੀ ਦੇਹਿ ਮੋ ...॥੬॥"

ਇਹ ਦੋਹਰਾ ਵਿਸ਼ਨੂੰ ਦੇ ੧੪ਵੇਂ ਅਵਤਾਰ ਦੇ ਅਰੰਭ ਵਿਚ ਲਿਖਿਆ ਹੈ। ਕਾਲ=ਜਿਸ ਦਾ ਭਾਵ ਅਕਾਲ-ਪੁਰਖ ਵੈਰਾਟ ਸਰੂਪ ਕਰਤਾ ਪੁਰਖ ਤੋਂ ਹੈ। ਇਸ ਦੋਹਰੇ ਬਾਰੇ ਕੁਝ ਸੰਖੇਪ ਵਿਚਾਰ ਲਿਖਣੀ ਯੋਗ ਸਮਝਦੇ ਹਾਂ ਕਿਉਂਕਿ ਇਹ ਦੋਹਰਾ ਬਹੁਤ ਸਾਰੀਆਂ ਨਵੀਨ ਛਾਪੇ ਦੀਆਂ ਪੰਜ-ਗ੍ਰੰਥੀਆਂ ਵਿਚ ਨਹੀਂ ਆਉਂਦਾ। ਪਰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਚਲਾਈ ਹੋਈ ਸੰਪ੍ਰਦਾਇ ਵਿਚ ਇਹ ਪੜ੍ਹਿਆ ਚਲਿਆ ਆ ਰਿਹਾ ਹੈ। ਪਹਿਲਾਂ ਕੁਝ ਨਵੀਨ ਛਾਪੇ ਦੀਆਂ ਪੰਜ-ਗ੍ਰੰਥੀਆਂ ਵਿਚ ਵੇਖਕੇ ਕਿ ਉਥੇ ਤਾਂ ਇਹ ਦੋਹਰਾ ਆਉਂਦਾ ਨਹੀਂ, ਟਕਸਾਲ ਦੇ ਪੜ੍ਹਨ ਵਿਚ ਕਿਵੇਂ ਆ ਗਿਆ ਹੈ, ਸ਼ੰਕਾ

ਹੋਈ ਸੀ। ਫਿਰ ਖੋਜ ਕਰਨ ਤੋਂ ਪਤਾ ਲਗਾ ਕਿ ਇਹ ਦੋਹਰਾ, ਸਹੀ ਪੁਰਾਤਨ ਪੰਜ-ਗ੍ਰੰਥੀਆਂ ਵਿਚ ਲਿਖਿਆ ਹੋਇਆ ਸੀ। ਪਰ ਪਤਾ ਨਹੀਂ ਨਵੀਨ ਛਾਪੇ ਦੀਆਂ ਪੰਜ-ਗ੍ਰੰਥੀਆਂ ਵਿਚ ਕਿਸ ਸੰਦੇਹ ਕਰਕੇ ਉਨ੍ਹਾਂ ਨਹੀਂ ਲਿਖਿਆ। ਹੁਣ ਇਸ ਦੋਹਰੇ ਦਾ ਲਿਖਤੀ ਸਬੂਤ ਸਾਨੂੰ ਮਿਲ ਗਿਆ ਹੈ। ਇਕ ਤਾਂ ਡਾ: ਭਾਈ ਵੀਰ ਸਿੰਘ ਜੀ ਨੇ ਜੋ ਪੰਜ-ਗ੍ਰੰਥੀ ਦਾ ਟੀਕਾ ਕੀਤਾ ਹੈ, ਉਸ ਵਿਚ ਭੀ ਆਉਂਦਾ ਹੈ ਅਤੇ ਸੰਪੂਰਨ ਰਹਰਾਸਿ ਜੋ ਟਕਸਾਲ ਵਿਚ ਪੜ੍ਹੀ ਜਾਂਦੀ ਹੈ ਅਤੇ ਪੁਰਾਤਨ ਪੰਜ-ਗ੍ਰੰਥੀਆਂ ਵਿਚ ਮਿਲਦੀ ਹੈ, ਉਹ ਸਾਰੀ ਇੰਨ-ਬਿੰਨ ਇਨ੍ਹਾਂ ਦੇ ਰਹਰਾਸਿ ਦੇ ਸਟੀਕ ਵਿਚੋਂ ਮਿਲਦੀ ਹੈ। ਦੂਜਾ ਸਬੂਤ ਇਕ ਛਾਪੇ ਦੀ ਪੰਜ-ਗ੍ਰੰਥੀ ਸਾਨੂੰ ਰੋਪੜ ਜ਼ਿਲੇ ਦੇ ਪਿੰਡ ਖਿਦਰਾਬਾਦ ਤੋਂ ਇਕ ਪੁਰਾਣੇ ਪੁਜਾਰੀ ਕੋਲੋਂ ਮਿਲੀ ਹੈ। ਜਿਸ ਨੇ ਦਸਿਆ ਸੀ ਕਿ ਸਾਡੇ ਬਜ਼ੁਰਗ ਮਹਾਰਾਜਾ ਹੀਰਾ ਸਿੰਘ ਨਾਭਾ ਦੇ ਪਾਸ ਲਿਖਾਰੀ ਵਜੋਂ ਰਿਹਾ ਕਰਦੇ ਸਨ*। ਉਸ ਛਾਪੇ ਦੀ ਪੰਜ-ਗ੍ਰੰਥੀ ਵਿਚ ਸੰਪੂਰਨ ਰਹਰਾਸਿ ਅਤੇ ਇਹ

---

* ਇਨ੍ਹਾਂ ਪਾਸੋਂ ਇਕ ਹੱਥੀਂ ਲਿਖਤ ਦਸਮ-ਗ੍ਰੰਥ ਭੀ ਮਿਲਿਆ ਹੈ। ਜੋ ਇਨ੍ਹਾਂ ਨੇ ਆਪ ਹੀ ਪ੍ਰੇਮ ਨਾਲ ਟਕਸਾਲ ਦੀ ਭੇਟਾ ਕਰ ਦਿੱਤਾ ਸੀ। ਜਿਸ ਦੇ ਆਦਿ ਵਿਚ 'ਸ੍ਰੀ ਜਾਪੁ ਸਾਹਿਬ' ਸੰਪੂਰਨ ਨਹੀਂ।ਇਸ ਦਾ ਕਾਰਨ ਉਨ੍ਹਾਂ ਨੇ ਦਸਿਆ ਕਿ ਉਸ ਲਿਖਤੀ 'ਜਾਪੁ ਸਾਹਿਬ' ☞

ਦੋਹਰਾ ਮਿਲਦਾ ਹੈ। ਉਹ ਪੰਜ-ਗ੍ਰੰਥੀ ਭੀ ਸਾਡੇ ਪਾਸ (ਗੁਰਦੁਆਰਾ ਅਖੰਡ ਪ੍ਰਕਾਸ਼ ਭਿੰਡਰ ਕਲਾਂ) ਦੇ ਪੁਸਤਕਾਲੇ ਵਿਚ ਰਖੀ ਹੋਈ ਮੌਜੂਦ ਹੈ। ਇਸ ਦੋਹਰੇ ਬਾਰੇ ਕੁਝ ਹੋਰ ਵਿਸ਼ੇਸ਼ ਵਿਚਾਰ ਇਹ ਹੈ ਕਿ ਆਮ ਛਾਪੇ ਦੀਆਂ ਪੰਜ-ਗ੍ਰੰਥੀਆਂ ਵਿਚ ਇਹ ਦੋਹਰਾ:-

"ਅਕਾਲ ਪੁਰਖ ਕੀ ਦੇਹਿ ਮੋ, ਕੋਟਿਕ ਬਿਸਨ ਮਹੇਸ॥
ਕੋਟ ਇੰਦ੍ਰ ਬ੍ਰਹਮਾ ਕਿਤੇ, ਰਵ ਸਸਿ ਕ੍ਰੋਰ ਜਲੇਸ॥"

ਇਸ ਰੂਪ ਅੰਦਰ ਆਉਂਦਾ ਹੈ। ਭਾਵ ਜੋ "ਅਕਾਲ" ਪਦ ਇਸ ਵਿਚ ਲਿਖ ਦਿੱਤਾ ਹੈ, ਉਸ ਦੀ ਥਾਂ ਸ਼ੁੱਧ ਪਾਠ 'ਕਾਲ' ਹੈ। ਜਿਸ ਦਾ ਸਹੀ ਹਵਾਲਾ ਸਾਨੂੰ ਪੁਰਾਤਨ (ਦਸਮ-ਗ੍ਰੰਥ ਸੰਪੂਰਨ ਸਰੂਪ) ਅਤੇ ਪੁਰਾਤਨ ਦਸਮ-ਗ੍ਰੰਥ ਦੀਆਂ ਪੋਥੀਆਂ ਵਿਚੋਂ ਮਿਲਦਾ ਹੈ। ਯਥਾ:-

"ਕਾਲ ਪੁਰਖ ਕੀ ਦੇਹਿ ਮੋ, ਕੋਟਿਕ ਬਿਸਨ ਮਹੇਸ॥

---

☞ ਦੀਆਂ ਪਹਿਲੀਆਂ ਪੰਜ ਪਉੜੀਆਂ ਸੁਨਹਿਰੀ ਅੱਖਰਾਂ ਵਿਚ ਲਿਖੀਆਂ ਹੋਈਆਂ ਸਨ। ਜੋ ਕੋਈ ਪ੍ਰੇਮੀ ਲਿਖਣ ਵਾਸਤੇ ਲੈ ਗਿਆ ਤੇ ਉਸ ਨੇ ਕਿਹਾ ਕੇ ਉਤਾਰਾ ਕਰਕੇ ਫਿਰ ਦੇ ਜਾਵਾਂਗਾ। ਪਰ ਮੁੜ ਕੇ ਉਸ ਨੇ ਵਾਪਸ ਨਹੀਂ ਕੀਤਾ। ਇਸ ਕਰਕੇ ਉਸ ਬੀੜ ਵਿਚ 'ਸ੍ਰੀ ਜਾਪੁ ਸਾਹਿਬ' ਸੰਪੂਰਨ ਨਹੀਂ ਹੈ। ਉਨ੍ਹਾਂ ਦਾ ਭੇਟਾ ਕੀਤਾ ਹੋਇਆ ਉਹ ਦਸਮ-ਗ੍ਰੰਥ, ਸਾਡੇ ਪਾਸ ਇਥੇ ਭਿੰਡਰੀਂ ਪੁਸਤਕਾਲੇ ਵਿਚ ਪਿਆ ਹੈ।

ਕੋਟ ਇੰਦ੍ਰ ਬ੍ਰਹਮਾ ਕਿਤੇ, ਰਵ ਸਸਿ ਕ੍ਰੋਰ ਜਲੇਸ॥"
(ਦਸਮ-ਗ੍ਰੰਥ ਦੇ ੧੪ਵੇਂ ਅਵਤਾਰ ਦਾ ਪਹਿਲਾ ਦੋਹਰਾ॥ ਇਸ ਸਮੇਂ ਛਾਪੇ ਦੀਆਂ ਪ੍ਰਚਲਤ ਪੋਥੀਆਂ ਦਾ ਪੰਨਾ ੧੯੨ ਹੈ) ਇਸ ਲਈ ਭਿੰਡਰਾਂ ਵਾਲੀ ਸੰਪ੍ਰਦਾਇ ਵਲੋਂ ਇਹ ਦੋਹਰਾ, "ਕਾਲ ਪੁਰਖ ਕੀ ਦੇਹਿ ਮੋ, ਕੋਟਿਕ ਬਿਸਨ ਮਹੇਸ॥ ਕੋਟ ਇੰਦ੍ਰ ਬ੍ਰਹਮਾ ਕਿਤੇ, ਰਵ ਸਸਿ ਕ੍ਰੋਰ ਜਲੇਸ॥" ਸ਼ੁਧ ਜਾਣਕੇ ਪੜ੍ਹਿਆ ਜਾਂਦਾ ਹੈ ਅਤੇ ਸੰਪ੍ਰਦਾਇ ਵਲੋਂ ਛਾਪੇ ਹੋਏ ਗੁਟਕਿਆਂ ਵਿਚ ਇਹੀ ਲਿਖ ਦਿੱਤਾ ਹੈ, ਜੋ ਸ਼ੁੱਧ ਹੈ। ਜਿਵੇਂ ਕਬਜੋ ਬਾਚ ਬੇਨਤੀ॥ ਚੌਪਈ॥ ਅੰਦਰ ਭੀ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ (ਕਾਲ) ਪਦ ਦੀ ਬਹੁਤ ਵਰਤੋਂ ਕੀਤੀ ਹੈ। ਯਥਾ:-

"ਕਾਲ ਪਾਇ ਬ੍ਰਹਮਾ ਬਪੁ ਧਰਾ॥ ਕਾਲ ਪਾਇ ਸਿਵਜੂ ਅਵਤਰਾ॥
ਕਾਲ ਪਾਇ ਕਰਿ ਬਿਸਨ ਪ੍ਰਕਾਸਾ॥ ਸਕਲ ਕਾਲ ਕਾ ਕਿਯਾ ਤਮਾਸਾ॥" (ਦਸਮ-ਗ੍ਰੰਥ ਪੰਨਾ ੧੧੪੪)

ਜਿਸ ਦਾ ਅਰਥ ਸਭ ਜਗਤ ਦਾ ਕਰਤਾ-ਹਰਤਾ-ਧਰਤਾ ਅਕਾਲ ਪੁਰਖ ਹੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਦਸਮ-ਗ੍ਰੰਥ ਵਿਚ, ਜਿਥੇ ਚੌਬੀਸ ਅਵਤਾਰਾਂ ਦਾ ਵਰਨਣ ਅਰੰਭ ਕੀਤਾ ਹੈ, ਉਥੇ ਚੌਪਈ ਦੇ ਨੌਂ ਨੰਬਰ

ਰੂਪ ਛੰਦ ਵਿਚ ਇਸ ਦਾ ਲੱਛਣ ਵਰਨਣ ਕੀਤਾ ਹੈ। ਯਥਾ:- "ਅੰਤ ਕਰਤ ਸਭ ਜਗ ਕੋ ਕਾਲਾ॥ ਨਾਮੁ ਕਾਲ ਤਾ ਤੇ ਜਗ ਡਾਲਾ॥ ਸਮੈ ਸੰਤ ਪਰ ਹੋਤ ਸਹਾਈ॥ ਤਾ ਤੇ ਸੰਖਯਾ ਸੰਤ ਸੁਨਾਈ॥" (ਦਸਮ-ਗ੍ਰੰਥ ਪੋਥੀਆਂ, ਪੰਨਾ ੧੪੦ ਚੌਬੀਸ ਅਉਤਾਰ ਸ਼ੁਰੂ)

ਜਿਸ ਦਾ ਭਾਵ ਆਪ ਹੀ ਵਾਹਿਗੁਰੂ ਸਾਰੇ ਜਗਤ ਨੂੰ ਕਰਦਾ ਹੈ ਅਤੇ ਮਧ ਵਿਚ ਸਭ ਜਗਤ ਦੀ ਪਾਲਣਾ ਕਰਦਾ ਹੈ ਅਤੇ ਫਿਰ ਅਖੀਰ ਤੇ ਸਭ ਸੰਸਾਰ ਦਾ (ਕਾਲਾ) ਲੈ ਕਰ ਦਿੰਦਾ ਹੈ। ਇਸ ਲਈ ਉਸ ਦਾ ਨਾਮ ਜਗਤ ਵਿਚ ਕਾਲ ਕਰਕੇ (ਡਾਲਾ) ਪਾ ਦਿੱਤਾ ਹੈ। ਐਸੇ ਗ੍ਰੰਥ ਕਰਤਾ ਦੇ ਸੰਕੇਤਕ ਸ਼ਬਦਾਂ ਨੂੰ ਵਿਦਵਾਨ 'ਪਰਿਭਾਸ਼ਕ' ਸ਼ਬਦ ਕਿਹਾ ਕਰਦੇ ਹਨ। ਜੋ ਹੋਰ ਗ੍ਰੰਥਾਂ ਵਿਚ ਨਹੀਂ ਮਿਲਿਆ ਕਰਦੇ, ਪਰ ਉਸਦੇ ਆਪਣੇ ਮਖਸੂਸ ਕੀਤੇ ਹੋਏ ਐਸੇ ਸ਼ਬਦ ਹੋਇਆ ਕਰਦੇ ਹਨ, ਜੋ ਸਾਰਥਕ ਹੁੰਦੇ ਹਨ। ਜਿਵੇਂ ਅਗੇ ਇਸੇ ਨੌਵੀਂ ਚੌਪਈ ਰੂਪ ਛੰਦ ਵਿਚ ਪਰਮੇਸ਼ਰ ਨੂੰ ਸੰਤ ਪਦ ਦੀ ਸੰਗਿਆ ਦਿੰਦਿਆਂ ਹੋਇਆਂ ਅਰਥ ਕਰਦਿਆਂ ਫੁਰਮਾਇਆ ਹੈ। "ਸਮੈ ਸੰਤ ਪਰ ਹੋਤ ਸਹਾਈ॥ ਤਾ ਤੇ ਸੰਖਯਾ ਸੰਤ ਸੁਣਾਈ॥" ਜਿਸ ਵਿਚ 'ਸੰਤ' ਪਦ ਦਾ ਵਿਆਕਰਣ ਦੀ ਰੀਤੀ ਅਨੁਸਾਰ ਸੰਧੀ ਕੱਢਕੇ ਸ+ਅੰਤ='ਸ' ਉਹ ਅੰਤ ਸਮੇਂ ਤੇ (ਆਪਣੇ

ਭਗਤਾਂ ਦਾ) ਸਹਾਇਕ ਹੁੰਦਾ ਹੈ।

ਯਥਾ:-

"ਜਨ ਨਾਨਕ ਐਸਾ ਹਰਿ ਸੇਵਿਆ, ਅੰਤਿ ਲਏ ਛਡਾਇਆ॥"

'ਤਾ ਤੇ'=ਇਸੇ ਲਈ ਉਸ ਦੇ ਨਾਂ ਦੀ 'ਸੰਖਯਾ'=ਗਿਣਤੀ 'ਸੰਤ' ਪਦ ਕਰਕੇ ਸੁਣਾ ਦਿੱਤੀ ਹੈ। ਇਸ ਲਈ ਖਿਆਲ ਕੀਤਾ ਜਾਂਦਾ ਹੈ ਕਿ ਛਾਪੇ ਵਾਲਿਆਂ ਨੇ ਜੋ 'ਅਕਾਲ' ਪਦ ਛਾਪ ਦਿਤਾ ਹੈ, ਉਹ ਇਹ ਸਮਝ ਕੇ ਕਿ 'ਕਾਲ' ਪਦ ਠੀਕ ਨਹੀਂ, 'ਅਕਾਲ' ਪਦ ਚਾਹੀਦਾ ਹੈ। ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰਸਿੱਖਾਂ ਅੰਦਰ 'ਅਕਾਲ' ਪਦ ਦੀ ਵਰਤੋਂ ਹੀ ਪ੍ਰਚਲਤ ਹੈ। ਪਰ ਇਹ (ਕਾਲ) ਪਦ ਗੁਰੂ ਗੋਬਿੰਦ ਸਿੰਘ ਜੀ ਦੇ ਦਸਮ-ਗ੍ਰੰਥ ਦੀ ਰਚਨਾ ਅਨੁਸਾਰ ਸ਼ੁੱਧ ਹੈ। ਉਨ੍ਹਾਂ ਦਾ ਆਪਣਾ ਪਰਿਭਾਸ਼ਕ ਸ਼ਬਦ ਹੈ। ਇਸ ਦੋਹਰੇ ਵਿਚ ਗੁਰੂ ਮਹਾਰਾਜ ਜੀ ਨੇ ਵਿਸ਼ਨੂੰ ਦੇ ਅਵਤਾਰਾਂ ਨੂੰ (ਜੋ ਉਨ੍ਹਾਂ ਦੇ ਪੈਰੋਕਾਰਾਂ ਨੇ ਜਾਂ ਉਨ੍ਹਾਂ ਨੇ ਆਪ, ਆਪਣੇ ਆਪ ਨੂੰ ਬ੍ਰਹਮ ਰੂਪ ਕਰਕੇ ਵਰਨਣ ਕੀਤਾ ਹੈ) ਉਸ ਤੋਂ ਆਪਣਾ ਗੁਰਮਤਿ ਦਾ ਵਖਰਾ ਸਿਧਾਂਤ ਜਣਾ ਦਿਤਾ ਹੈ ਕਿ ਅਸੀ ਅਕਾਲ ਪੁਰਖ ਦੇ ਉਪਾਸ਼ਕ ਹਾਂ ਤੇ ਗੁਰਸਿੱਖਾਂ ਨੂੰ ਸਾਡੀ ਅਨੁਵਾਦ ਰੂਪ ਰਚਨਾ ਨੂੰ ਪੜ੍ਹਕੇ ਭਰਮ ਨਾ ਪੈ ਜਾਵੇ।

"ਇਤਿ ਸ੍ਰੀ ਚਰਿਤ੍ਰੋ ਪਖ੍ਯਾਨੇ, ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ

ਸੰਬਾਦੇ, ਚਾਰਿ ਸੌ ਪਾਂਚ ਚਰਿੱਤ੍ਰ ਸਮਾਪਤ, ਮਸਤੁ ਸੁਭ ਮਸਤੁ॥੧॥ ਅਫਜੂੰ॥" ਤੋਂ ਬਾਅਦ ਸਾਰੀਆਂ ਚੌਪਈਆਂ ਅਤੇ ਲਿਖੇ ਹੋਏ ਦੋਹਰੇ (ਦਸਮ-ਗ੍ਰੰਥ ਵਿਚ ਵਖੋ-ਵਖਰੇ ਥਾਵਾਂ ਤੇ ਲਿਖੇ ਹੋਏ) ਗੁਰੂ ਮਹਾਰਾਜ ਜੀ ਦੀ ਉਸ-ਉਸ ਸਾਰੀ ਰਚਨਾ ਨੂੰ ਜਣਾਉਂਦੇ ਹਨ, ਜਿਸ-ਜਿਸ ਵਿਚੋਂ ਆਏ ਹਨ। ਭਾਵ ਗੁਰਸਿੱਖਾਂ ਨੂੰ ਇਨ੍ਹਾਂ ਦੋਹਰਿਆਂ ਦੇ ਪੜ੍ਹਨ-ਸੁਣਨ ਤੋਂ, ਗੁਰੂ ਮਹਾਰਾਜ ਜੀ ਦੀ ਸਾਰੀ ਰਚਨਾ ਯਾਦ ਆ ਕੇ, ਉਸ ਦਾ ਮੁੱਖ ਸਿਧਾਂਤ ਰਿਦੇ ਵਿਚ ਵਸਕੇ, ਅਕਾਲ ਪੁਰਖ ਦੇ ਲੜ ਲਾਇਆ ਖਾਲਸਾ, ਹਮੇਸ਼ਾਂ ਅਕਾਲ ਪੁਰਖ ਦੇ ਲੜ ਲਗਿਆ ਰਹੇ। ਇਸ ਤੋਂ ਅੱਗੇ ਦੋਹਰਾ॥

"ਰਾਮ ਕਥਾ ਜੁਗ ਜੁਗ ਅਟਲ, ਸਭ ਕੋਈ ਭਾਖਤ ਨੇਤ॥
ਸੁਰਗ ਬਾਸ ਰਘੁਬਰ ਕਰਾ, ਸਗਰੀ ਪੁਰੀ ਸਮੇਤ॥੭॥"

ਇਸ ਦੋਹਰੇ ਤੋਂ ਅੱਗੇ ਚੌਪਈ॥

"ਜੋ ਇਹ ਕਥਾ ਸੁਨੈ ਅਰੁ ਗਾਵੈ॥
ਦੂਖ ਪਾਪ ਤਿਹੱ ਨਿਕਟ ਨ ਆਵੈ॥
ਬਿਸਨ ਭਗਤ ਕੀਏ ਫਲ ਹੋਈ॥
ਆਧਿ ਬਯਾਧਿ ਛ੍ਵੈ ਸਕੈ ਨ ਕੋਈ॥੮॥"

ਇਸ ਉਤੇ, ਦੁਬਿਧਾ ਤੇ ਪਾਟਕ ਪਾਉਣ ਵਾਲੇ (ਸਮੇਂ ਦੀ ਸਿਆਸੀ ਨੀਤੀ ਦੀ ਲਪੇਟ ਵਿਚ ਆ ਕੇ, ਲੋਕਾਂ ਨੂੰ

ਵਰਗਲਾਉਣ ਵਾਸਤੇ) ਸ਼ੰਕੇ ਖੜ੍ਹੇ ਕਰਦੇ ਹਨ, ਕਿ ਦੇਖੋ ਜੀ, ਇਥੇ ਰਹਰਾਸਿ ਵਿਚ ਰਾਮ ਚੰਦਰ ਦੀ ਕਹਾਣੀ ਦਾ ਕੀ ਮਤਲਬ ਹੈ? ਰਾਮ ਚੰਦਰ ਦੀ ਉਪਮਾ ਦਾ ਕੀ ਮਤਲਬ ਹੈ? "ਜੋ ਇਹ ਕਥਾ ਸੁਨੈ ਅਰੁ ਗਾਵੈ॥" ਉਨ੍ਹਾਂ ਦੀ ਕਥਾ ਦੀ ਉਪਮਾ ਦਾ ਕੀ ਮਤਲਬ ਹੈ? ਕੋਈ ਅਸੀਂ ਸਿਖ, ਰਾਮ ਚੰਦਰ ਦੇ ਥੋੜ੍ਹੇ ਪੁਜਾਰੀ ਹਾਂ? ਇਸ ਤਰ੍ਹਾਂ ਦੀਆਂ ਗੱਲਾਂ ਬਣਾ ਕੇ ਭਰਮਾਉਂਦੇ ਹਨ ਤੇ ਭਟਕਾਉਂਦੇ ਹਨ ਕਿ ਐਸੀ ਰਹਰਾਸਿ ਬਿਲਕੁਲ ਨਹੀਂ ਪੜ੍ਹਨੀ ਚਾਹੀਦੀ। ਇਹ ਕਿਸੇ ਮਨ-ਮਤੀਆਂ ਨੇ ਲਿਖ ਦਿਤੀ ਹੈ। ਇਸ ਦਾ ਉੱਤਰ ਇਹ ਹੈ ਕਿ ਜਿਵੇਂ ਗੁਰੂ ਮਹਾਰਾਜ ਜੀ ਨੇ ਸ੍ਰੀ ਰਹਰਾਸਿ ਸਾਹਿਬ ਅੰਦਰ ਆਪਣੇ ਦਸਮ-ਗ੍ਰੰਥ ਦੀ ਅਨੁਵਾਦ ਰੂਪ ਰਚਨਾ ਵਿਚੋਂ ਟੂਕਾਂ ਦੇ-ਦੇ ਕਿ ਦਰਸਾਇਆ ਹੈ ਤੇ ਫਿਰ ਉਸ ਤੇ ਆਪਣਾ ਸਿਧਾਂਤ ਪਰਗਟ ਕੀਤਾ ਹੈ। ਇਵੇਂ ਹੀ ਇਥੇ ਭੀ ਜੋ ਗੁਰੂ ਮਹਾਰਾਜ ਜੀ ਨੇ ਵਿਸ਼ਨੂੰ ਦੇ ਵੀਹਵੇਂ ਅਵਤਾਰ ਰਾਮ ਚੰਦਰ ਦੀ ਕਥਾ ਦਾ ਅਨੁਵਾਦ ਕਰਦਿਆਂ, ਉਨ੍ਹਾਂ ਦੇ ਉਪਾਸ਼ਕਾਂ ਵਲੋਂ ਜੋ ਰਮਾਇਣ ਵਿਚ ਲਿਖਿਆ ਹੈ, ਉਸ ਦਾ ਇਹ ਅਨੁਵਾਦ ਹੈ ਕਿ (ਰਾਮ ਕਥਾ ਜੁਗ ਜੁਗ ਅਟਲ, ਸਭ ਕੋਈ ਭਾਖਤ ਨੇਤ॥) ਰਾਮ ਚੰਦਰ ਜੀ ਦੀ ਕਥਾ ਉਨ੍ਹਾਂ ਤੋਂ ਬਾਅਦ ਤਰੇਤਾ, ਦੁਆਪਰ ਤੇ ਕਲਜੁਗ ਵਿਚ ਟਲਣ ਤੋਂ ਰਹਿਤ ਹੁੰਦੀ ਆਈ ਹੈ। ਇਹ

'ਸਭ ਕੋਈ' (ਇਨ੍ਹਾਂ ਦੇ ਉਪਾਸ਼ਕ) ਹਮੇਸ਼ਾਂ ਕਹਿੰਦੇ ਆਏ ਹਨ ਕਿ ਸਾਰੀ ਪੁਰੀ ਸਮੇਤ ਰਾਮ ਚੰਦਰ ਜੀ ਨੇ ਸੁਰਗ=ਸੁਖ-ਲੋਕ ਭਾਵ ਆਪਣੇ ਬੈਕੁੰਠ ਸਥਾਨ ਵਿਚ ਨਿਵਾਸ ਕੀਤਾ ਹੈ।

ਅਗੇ ਚੌਪਈ ਵਿਚ ਉਨ੍ਹਾਂ ਦੇ ਰਮਾਇਣ ਕਰਤਾ ਅਤੇ ਉਪਾਸ਼ਕਾਂ ਵਲੋਂ ਇਸ (ਸ੍ਰੀ ਰਾਮ ਚੰਦਰ ਜੀ ਦੀ) ਕਥਾ ਦੀ ਉਪਮਾ ਕਰਦੇ ਹੋਏ ਫਲ ਦਰਸਾਉਂਦੇ ਹਨ ਕਿ ਜੋ ਇਸ ਕਥਾ ਦੇ ਤਾਈਂ 'ਗਾਵੈ' ਪ੍ਰੇਮ ਨਾਲ ਪੜ੍ਹਕੇ ਸੁਣਾਵੇਗਾ ਜਾਂ ਸੁਣੇਗਾ, ਉਸ ਦੇ ਨੇੜੇ ਪਾਪ ਤੇ ਦੁੱਖ ਨਹੀਂ ਆਵੇਗਾ। (ਬਿਸਨ ਭਗਤ) ਵਿਸ਼ਨੂੰ ਜੋ ਉਸ ਦੇ ੨੪ ਅਵਤਾਰਾਂ ਦਾ ਮੂਲ ਹੈ ਉਸ ਦੀ ਭਗਤੀ (ਕੀਏ) ਕੀਤੀ ਦਾ ਕੀ ਫਲ ਹੁੰਦਾ ਹੈ? ਜੋ ਕਰਦਾ ਹੈ, ਉਸ ਨੂੰ ਆਧਿ=ਮਾਨਸਿਕ ਰੋਗ, ਬਯਾਧਿ=ਸਰੀਰਕ ਰੋਗ ਅਤੇ (ਉਪਾਧੀਆਂ) ਬਾਹਰਲੇ ਕੋਈ ਝਗੜੇ ਕਲੇਸ਼ ਛੋਹ ਨਹੀਂ ਸਕਦੇ। ਅਨੁਵਾਦ ਕਰਤਾ ਗੁਰੂ ਮਹਾਰਾਜ ਜੀ, ਗ੍ਰੰਥ ਦੀ ਸਮਾਪਤੀ ਦਾ ਸੰਬਤ ਦਸਦੇ ਹੋਏ ਕਹਿੰਦੇ ਹਨ। "ਤ੍ਵ ਪ੍ਰਸਾਦਿ ਕਰਿ"=ਹੇ ਵਾਹਿਗੁਰੂ! ਤੇਰੀ ਕ੍ਰਿਪਾ ਕਰਕੇ ਇਸ ਗ੍ਰੰਥ ਦਾ ਅਨੁਵਾਦ ਕੀਤਾ ਹੈ... ਆਦਿ। ਅਗਲੇ ਦੋਹਰੇ ਵਿਚ ਕਿੱਥੇ ਇਹ ਗ੍ਰੰਥ ਸੁਧਾਰਿਆ ਹੈ, "ਨੇਤ੍ਰ ਤੁੰਗ ਕੇ ਚਰਨ ਤਰ...॥" ਵਿਚ ਟਿਕਾਣਾ ਦਸਿਆ ਹੈ। "ਸ੍ਰੀ ਭਗਵਤ ਪੂਰਨ ਕੀਯੋ" ਰਾਮ ਚੰਦਰ ਜੀ ਦੀ ਕਥਾ

ਦੇ ਪ੍ਰਸੰਗ ਵਾਲਾ ਇਹ ਭਗਵਤ ਗ੍ਰੰਥ ਪੂਰਨ ਕੀਤਾ ਹੈ। ਹੁਣ ਸਮਾਪਤੀ ਤੇ ਆਪਣਾ ਆਸ਼ਾ ਦਸਦੇ ਹੋਏ, ਜਿਵੇਂ ਕ੍ਰਿਸ਼ਨਾ ਅਵਤਾਰ ਬਾਰੇ "ਕਾਨ ਸੁਨੇ ਪਹਿਚਾਨ ਨ ਤਿਨ ਸੋ॥" ਲਿਖ ਆਏ ਹਨ, ਦਸਦੇ ਹਨ, "ਸਾਧ ਅਸਾਧ ਜਾਨੋ ਨਹੀ ...॥" ਸਾਧ=ਸ੍ਰੇਸ਼ਟ, ਅਸਾਧ=ਅਸ੍ਰੇਸ਼ਟ। "ਗ੍ਰੰਥ ਸਕਲ ਪੂਰਣ ਕੀਯੋ ...॥" ਹੇ (ਭਗਵਤ) ਵਾਹਿਗੁਰੂ ਜੀ ! ਤੁਹਾਡੀ ਕ੍ਰਿਪਾ ਨਾਲ ਸਾਰਾ ਗ੍ਰੰਥ ਪੂਰਾ ਤਾਂ ਕੀਤਾ ਹੈ ਪਰ ਉਸ ਵਿਚ ਜੋ ਕਿਸੇ ਨੂੰ ਸਾਧ=ਸ੍ਰੇਸ਼ਟ=ਚੰਗਾ ਜਾਂ ਅਸਾਧ=ਮਾੜਾ ਕਿਹਾ ਹੈ ਉਹ ਅਸੀਂ ਆਪ ਜਾਣਕੇ, ਭਾਵ ਆਪਣੇ ਸਿਰ ਜ਼ੁੰਮੇਵਾਰੀ ਲੈ ਕੇ ਨਹੀਂ ਲਿਖਿਆ। ਉਸ ਦੇ ਲਿਖਣ ਵਾਲੇ ਉਸ ਦੇ ਆਪ ਜ਼ੁੰਮੇਵਾਰ ਹਨ। ਅਸੀਂ ਤਾਂ ਉਸ ਦਾ ਅਨੁਵਾਦ ਕੀਤਾ ਹੈ। ਉਨ੍ਹਾਂ ਦੀ ਉਸ ਲਿਖਤ ਬਾਰੇ ਚਰਚਾ, ਝਗੜਾ ਜਾਂ ਵਤੰਡਾ-ਵਾਦ ਨਹੀਂ ਕਰਨਾ ਚਾਹੁੰਦੇ। ਭਾਵ ਅਸੀਂ ਹੇਤੂ, ਚਰਚਾ, ਜਲਪਾਵਾਦ ਅਤੇ ਵਤੰਡਾ-ਵਾਦ ਵਿਚ ਨਹੀਂ ਪੈਣਾ ਚਾਹੁੰਦੇ।

"ਸ੍ਰੀ ਰਹਰਾਸਿ" ਅੰਦਰ "ਪੁਨਿ ਰਾਛਸ ਕਾ ਕਾਟਾ ਸੀਸਾ ...॥" ਚੌਪਈ ਤੋਂ ਬਾਅਦ, ਜੋ ਦੋਹਰੇ ਤੇ ਚੌਪਈ ਆਦਿ ਛੰਦ ਆਉਂਦੇ ਹਨ, ਉਨ੍ਹਾਂ ਦੀ ਸਮਾਪਤੀ ਤੇ ਸ੍ਵੈਯਾ॥ "ਪਾਇ ਗਹੇ ਜਬ ਤੇ ਤੁਮਰੇ ...॥" ਅਤੇ ਦੋਹਰੇ ਵਿਚ ਆਪਣਾ ਗੁਰਮਤਿ ਦਾ ਪੂਰਨ ਸਿਧਾਂਤ ਦਰਸਾ ਕੇ ਲਗ-

ਪਗ ਆਪਣੇ ਦਸਮ-ਗ੍ਰੰਥ ਦੀ ਸਾਰੀ ਰਚਨਾ ਦਾ ਨਿਚੋੜ ਨਿਰਨੈ ਕਰ ਦਿੱਤਾ ਹੈ। ਜੋ ਗੁਰੂ ਖਾਲਸਾ ਸੰਗਤਾਂ ਨੂੰ ਗ੍ਰਹਿਣ ਕਰਨ ਯੋਗ ਹੈ।

ਨੋਟ:- ਦੋਹਰਾ॥ "ਦਾਸ ਜਾਨ ਕਰਿ ਦਾਸ ਪਰਿ ...॥" ਇਥੋਂ ਤੋਂ ਲੈ ਕੇ ਦੋਹਰਾ॥ "ਸਗਲ ਦੁਆਰ ਕਉ ਛਾਡਿ ਕੈ ...॥" ਤਕ, ਜਿਵੇਂ:- ਪੁਰਾਤਨ ਪੰਜ-ਗ੍ਰੰਥੀਆਂ ਵਿਚ ਗੁਰੂ ਮਹਾਰਾਜ ਜੀ ਦੀ ਆਗਿਆ ਨਾਲ ਭਾਈ ਮਨੀ ਸਿੰਘ ਜੀ ਨੇ ਲਿਖਿਆ ਹੈ, ਉਸੇ ਤਰ੍ਹਾਂ ਹੀ ਪੜ੍ਹਨਾ ਚਾਹੀਦਾ ਹੈ। ਇਸ ਵਿਚ ਗੁਰੂ ਮਹਾਰਾਜ ਜੀ ਨੇ ਆਪਣੀਆਂ ਦਸਮ-ਗ੍ਰੰਥ ਦੀਆਂ ਸਾਰੀਆਂ ਰਚਨਾਵਾਂ ਨੂੰ, ਸੰਖੇਪ ਰੂਪ ਵਿਚ ਦਰਸਾ ਕੇ, ਗੁਰਮਤਿ ਦਾ ਸਿਧਾਂਤ, ਗੁਰਸਿੱਖਾਂ ਦੇ ਗ੍ਰਹਿਣ ਕਰਨ ਯੋਗ ਹੈ ਇਹ ਪ੍ਰਗਟ ਕੀਤਾ ਹੈ। ਸਾਰੇ ਗੁਰਸਿੱਖਾਂ ਨੂੰ ਪੜ੍ਹਨ-ਸੁਣਨ ਯੋਗ ਹੈ। ਘੱਟ-ਵੱਧ ਕਰਨਾ ਯੋਗ ਨਹੀਂ ਹੈ। ਪੂਰਾ ਪੜ੍ਹਨ ਨਾਲ ਪੂਰਾ ਫਲ ਹੁੰਦਾ ਹੈ।